# ਯਿਸੂ ਪਰਮੇਸ਼ਰ ਹੈ



True Path to God

7

ਲੇਖਕ ਡਾੱ. ਕੁਲਦੀਪ ਸਿੰਘ ਗੈਂਗਰ

# ਯਿਸੂ ਪਰਮੇਸ਼ਰ ਹੈ

ਲੇਖਕ

ਡਾਂ. ਕੁਲਦੀਪ ਸਿੰਘ ਗੈਂਗਰ

Punjabi

*Jesus is God*
Copyright © 2013

Published by True Path to God | www.truepathtogod.org

***True Path to God*** is a ministry reaching out to our neighbours of East Asian background. For more information, see “About Us” on our website.

All scripture quotations are from The Holy Bible—Punjabi – CL published by The Bible Society of India,, 206 Mahatma Gandhi Road, Bangalore – 560 001 – India.

This booklet, as with all in this series, was written in English and translations into Punjabi by a team of translators. It is also being made available in Punjabi, Hindi, Marathi, Nepali, and Urdu.

**Library and Archives Canada Cataloguing in Publications**
Gangar, Dr. Kuldip Singh 1950-
Includes bibliographical references
ISBN 978-0-9919134-6-6
1. Jesus Christ—Divinity. I. Title.

# ਵਿਸ਼ਾ ਵਸਤੂ


ਜਾਣ-ਪਹਿਚਾਣ: | 07

1 ਯਿਸੂ ਮਸੀਹ ਨੂੰ ਸਵਰਗੀਏ ਇਸ਼ਵਰਤਾ ਦੀ ਪਦਵੀ ਮਿਲੀ ਜੋ ਸਿਰਫ ਪਰਮੇਸ਼ਰ ਦੀ ਹੈ | 09

2 ਯੀਸ਼ੂ ਨੂੰ ਸਿੱਧ ਇਸ਼ਵਰ ਦਾ ਸਿਰਲੇਖ ਦਿੱਤਾ ਹੈ ਜੋ ਕੇਵਲ ਪਰਮੇਸ਼ਰ ਲਈ ਲਾਗੂ ਹੈ | 17

3 ਉਸਦੇ ਕੰਮਾ ਦੇ ਪ੍ਰਦਰਸ਼ਨ ਵਲੋਂ ਯਿਸੂ ਨੂੰ ਪਰਮੇਸ਼ਰ ਦੇ ਸਵਰੂਪ ਵਿੱਚ ਵੇਖਿਆ ਜਾ ਸਕਦਾ ਹੈ | 25

4 ਯਿਸੂ ਨੂੰ ਇਸ਼ਵਰੀਅ ਸਨਮਾਨ ਅਤੇ ਅਰਾਧਨਾ ਦਿੱਤੀ ਜਾਂਦੀ ਹੈ | 33

5 ਯਿਸੂ ਆਪਣੇ ਸ਼ਿਕਸ਼ਣ ਵਿੱਚ ਆਪ ਦੇ ਪ੍ਰਤੀ ਪਰਮੇਸ਼ਰ ਦੇ ਸਮਾਨ ਜਾਗਰੁਕ ਹੈ | 37

6 ਯਿਸੂ ਦੇ ਆਸ਼ਚਰਿਆਕਰਮ ਉਸਦੀ ਸਿਖਾਈ ਗੱਲਾਂ ਦੀ ਸੱਚਾਰਇ ਨੂੰ ਪ੍ਰਾਮਾਣਿਤ ਕਰਦੇ ਹਨ | 43

7 ਮੁਰਦੀਆਂ ਵਿੱਚੋਂ ਯਿਸੂ ਦਾ ਪੁਨਰੁੱਥਾਨ ਉਸਦੇ ਪਰਮੇਸ਼ਰ ਦੇ ਸਮਾਨ ਹੋਣ ਕਿ ਸੱਚਾਰਇ ਹੈ | 47

ਸਿੱਟਾ | 51

# ਜਾਣ-ਪਹਿਚਾਣ:

ਯਿਸੂ ਮਸੀਹ ਦੀ ਇਸ਼ਵਰਿਅਤਾ ਇਸ ਗੱਲ ਦਾ ਸਬੂਤ ਹੈ ਕਿ ਮਸੀਹਤ ਦਾ ਰਚਣਹਾਰਾ ਪਰਮੇਸ਼ਰ ਹੈ ਯਾ ਇਹ ਦੂਸਰੇ ਧਰਮਾਂ ਵਰਗਾ ਹੈ ਜਿਹ੍ਹਾ ਦੇ ਸਥਾਪਕ ਸਿਰਫ ਮਨੁਖ ਹਨ। ਯਹੋਵਾਹ ਵਿਟਨਸ ਵਾਲੇ ਸਿਖਾਉਂਦੇ ਹਨ ਕਿ ਯਿਸੂ ਪਰਮੇਸ਼ਰ ਨਹੀਂ ਹੈ। ਸਾਰ੍ਹ ਦੁਨੀਆ ਦੇ ਲੋਕੀ ਉਸ ਤੋ ਅਰਦਾਸ ਕਰਦੇ ਹਨ ਅਤੇ ਉਸਦੀ ਭਗਤੀ ਕਰਦੇ ਹਨ। ਜੇਕਰ ਯਿਸੂ ਮਸੀਹ ਪਰਮੇਸ਼ਰ ਨਹੀਂ ਹੈ ਤਾਂ ਜਿਵੇ ਯਹੋਵਾਹ ਵਿਟਨਸ ਵਾਲੇ ਸਿਖਾਉਦੇ ਨੇ ਤਾ ਫਿਰ ਮਸੀਹੀ ਲੋਕ ਇਸ਼ਵਰੀਏ ਨਿੰਦਾ ਅਤੇ ਮੂਰਤੀ ਪੂਜਾ ਦੇ ਦੋਸ਼ੀ ਬਣਦੇ ਹਨ। ਯਹੋਵਾਹ ਵਿਟਨਸ ਵਾਲੇ ਸਿਖਾਉਦੇ ਹਨ ਕਿ ਯਿਸੂ ਪਰਮੇਸ਼ਰ ਦੁਆਰਾ ਬਣਾਇਆ ਗਿਆ ਇਕ ਦੇਵਤਾ ਹੈ ਅਤੇ ਜਿਸਦੇ ਦੁਆਰਾ ਪਰਮੇਸ਼ਰ ਨੇ ਸਾਰੀ ਦੁਨਿਆ ਨੂੰ ਰਚਿਆ। ਯਹੋਵਾਹ ਵਿਟਨਸ ਵਾਲਿਆ ਦੇ ਅਨੁਸਾਰ ਯਿਸੂ ਮਸੀਹ ਸੰਸਾਰ ਬਣਨ ਤੋ ਪਹਿਲਾ ਵੀ ਸੀ। ਫਿਰ ਵੀ ਉਹ ਪਰਮੇਸ਼ਰ ਦੁਆਰਾ ਬਣਾਈ ਹੋਈ ਇਕ ਰਚਨਾ ਹੀ ਹੈ। ਇਸ ਗੱਲ ਨੂੰ ਮਾਨ ਕੇ ਉਹ ਲੋਕੀਂ *ਇਕ ਤੋਂ ਜਿਆਦਾ ਇਸ਼ਵਰਾਂ* ਤੇ ਵਿਸ਼ਵਾਸ ਕਰਦੇ ਹਾਂ। ਚਾਹੇ ਯਿਸੂ ਇਕ ਨਿਕਕਾ ਦੇਵਤਾ ਕਿਉ ਹੀ ਨਾ ਹੋ।

ਜੇਕਰ ਯਿਸੂ ਮਸੀਹ ਪਰਮੇਸ਼ਰ ਨਹੀ ਹੈ। ਤਾਂ ਫਿਰ ਵੀ ਅਸੀ ਸਿਖਾਉਂਦੇ ਹਾਂ ਕਿ ਮੁਕਤੀ ਯਿਸੂ ਮਸੀਹ ਦੇ ਦੁਆਰਾ ਮਿਲਦੀ ਹੈ। ਤਾ ਫਿਰ ਸਾਨੂੰ ਸਰਿਸ਼ਟੀ ਕਰਤਾ ਤੋਂ ਵਧ ਕੇ ਸਰਿਸ਼ਟੀ ਦਾ ਅਭਾਰੀ ਹੋਣਾ ਚਾਹੀਦਾ ਹੈ। ਡੋਨਾਲਡ ਮੈਕਲੋਇਡ ਇਸ ਗੱਲ ਨੂੰ ਚੰਗੀ ਤਰੀਕੇ ਨਾਲ ਲਿਖਦਾ ਹੈ;

“ਜੇਕਰ ਯਿਸੂ ਮਸੀਹ ਪਰਮੇਸ਼ਰ ਨਹੀ ਸੀ, ਤਾ ਫਿਰ ਪਰਮੇਸ਼ਰ ਦਾ ਪ੍ਰਕਾਸ਼ਨ ਨਹੀ ਹੋ ਸਕਦਾ ਹੈ। ਜੇਕਰ ਮਸੀਹ ਪਰਮੇਸ਼ਰ ਨਹੀ ਸੀ ਤਾ ਮਨੁਖਾਂ ਦਾ ਛੁਟਕਾਰਾ ਪਰਮੇਸ਼ਰ ਤੋ ਨਹੀ ਹੋਇਆ। ਜੇਕਰ ਯਿਸੂ ਮਸੀਹ ਪਰਮੇਸ਼ਰ ਨਹੀਂ ਸੀ ਤਾ ਵਿਸ਼ਵਾਸੀਆਂ ਦਾ ਪਰਮੇਸ਼ਰ ਨਾਲ ਕੋਈ ਰਿਸ਼ਤਾ ਨਹੀ ਹੈ। ਇਹਨਾਂ ਸਾਰੀਆ ਗੱਲਾ ਤੋ ਵਧਕੇ ਜੇਕਰ ਯਿਸੂ ਪਰਮੇਸ਼ਰ ਨਹੀ ਤਾਂ ਮਸੀਹ ਲੋਕਾ ਨੂੰ ਕੋਈ ਵੀ ਅਧਿਕਾਰ ਨਹੀ ਕਿ ਉਹ ਉਸਦੀ ਭਕਤੀ ਕਰਣ। ਹਕੀਕਤ ਵਿਚ ਜੇਕਰ ਉਹ ਇਸ ਤਰ੍ਹਾਂ ਕਰਦੇ ਹਨ ਤਾ ਉਹ ਗੈਰਮਸੀਹੀ, ਅੰਧਵਿਸ਼ਵਾਸ ਅਤੇ ਮੂਰਤੀ ਪੂਜਾ ਨੂੰ ਵਾਪਸ ਲਾਣਦੇ ਪਏ ਹਨ।”1

ਯਿਸੂ ਮਸੀਹ ਦੀ ਇਸ਼ਵਰੀਅਤਾ ਬਹੁਤ ਖਾਸ ਹੈ ਕਿਉਂਕਿ ਸਿਰਫ ਇਹੋ ਹੀ ਉਸਦੇ ਬਾਰੇ ਨਵੇ ਨਿਯਮ ਵਿਚ ਕਹੀਂ ਸਾਰੀ ਗੱਲਾਂ ਨੂੰ ਸਚਾਈ ਪ੍ਰਦਾਨ ਕਰਦੀ ਹੈ। ਜੇਕਰ ਇਕ ਮਾਤਰ ਮਨੁਖ ਦੁਆਰਾ ਬੋਲੀ ਗੱਲਾਂ ਨੂੰ ਯਿਸੂ ਨੇ ਬੋਲਿਆ ਹੋਣਦਾ ਤਾ ਉਸਨੂੰ ਸੰਸਾਰ ਦੇ ਸਮਾਂਨਿਯ ਬੁਧਮਾਨ ਲੋਕਾ ਦੇ ਵਿਚ ਥਾਂ ਨਹੀਂ ਮਿਲਦੀ ਬਲਕਿ ਉਸ ਨੂੰ ਕਮਲੇ ਲੋਕਾਂ ਦੇ ਵਿਚ ਥਾ ਮਿਲਦੀ। ਉਸਦੇ ਇਸ਼ਵਰੀਯਤਾ ਦਾ ਸਬੂਤ ਝੰਜੀਲ ਵਿਚ ਅਲਗ ਥਲਗ ਨਹੀਂ ਪਾਉਣਦੇ ਨੇ ਬਲਕਿ ਇਹ ਸਾਰੇ ਥਾ ਮਿਲਦਾ ਹੈ। ਆਉ ਤੇ ਫਿਰ ਯਿਸੂ ਮਸੀਹ ਦੀ ਇਸ਼ਵਰੀਅਤਾ ਦੇ ਪ੍ਰਮਾਣਾਂ ਦੀ ਜਾਂਚ ਤੇ ਪੜ੍ਹਤਾਲ ਕਰੀਏ।

# 1

# ਯਿਸੂ ਮਸੀਹ ਨੂੰ ਸਵਰਗੀਏ ਇਸ਼ਵਰਤਾ ਦੀ ਪਦਵੀ ਮਿਲੀ ਜੋ ਸਿਰਫ ਪਰਮੇਸ਼ਰ ਦੀ ਹੈ

**ਯੂਹਨਾ ੧:੧-੩** "ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਉਹ ਸ਼ਬਦ ਪਰਮੇਸ਼ਰ ਦੇ ਨਾਲ ਸੀ, ਜੋ ਪਰਮੇਸ਼ਰ ਸੀ, ਉਹ ਹੀ ਸ਼ਬਦ ਸੀ।
2 ਉਹ ਸ਼ੁਰੂ ਤੋਂ ਹੀ ਪਰਮੇਸ਼ਰ ਦੇ ਨਾਲ ਸੀ। 3 ਸਭ ਚੀਜ਼ਾਂ ਦੀ ਰਚਨਾ ਪਰਮੇਸ਼ਰ ਨੇ ਉਸ ਦੇ ਰਾਹੀਂ ਕੀਤੀ। ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਉਸ ਦੇ ਬਿਨਾਂ ਨਾ ਰਚੀ ਗਈ।"

ਪਹਲੀ ਗੱਲ, ਯਿਸੂ ਮਸੀਹ ਨੂੰ **ਪਰਮੇਸ਼ਰ** ਦੀ ਪਦਵੀ ਦੀਤੀ ਗਈ ਹੈ। ਯੂਹਨਾ ਸਾਨੂੰ ਦਸਦਾ ਹੈ ਕਿ ਯਿਸੂ ਨੂੰ ਇਥੇ "ਸ਼ਬਦ" ਆਖਿਆ ਗਿਆ ਹੈ। ਜੇੜ੍ਹਾ ਸੰਸਾਰ ਦੀ ਉਤਪਤ ਤੋ ਪਹਿਲਾਂ ਹੀ ਸੀ ਅਤੇ ਉਸਦੀ ਕੋਈ ਸ਼ੁਰੂਆਤ ਨਹੀ ਸੀ ਬਲਕਿ ਉਹ ਪਰਮੇਸ਼ਰ ਦੇ ਨਾਲ ਹਮੇਸ਼ਾ ਤੋ ਹੈ। ਅਤੇ ਪਿਤਾ ਨਾਲ ਉਸਦਾ ਡੂੰਘਾ ਰਿਸ਼ਤਾ ਰਖਦਾ ਹੈ। ਸ਼ਬਦ ਪਰਮੇਸ਼ਰ ਦੇ ਨਾਲ ਸੀ। ਜਹੋਵਾਹ ਵਿਟਨਸ ਵਾਲੇ ਇਸ ਗੱਲ ਦਾ ਮੁਦਦਾ ਉਠਾਣਦੇ ਨੇ ਹਨ ਕਿ ਸ਼ਬਦ "ਪਰਮੇਸ਼ਰ" ਦੇ ਨਾਲ ਇਕ ਨਿਸ਼ਚਿਤ ਉਪਪਦ ਨਹੀ ਹੈ ਇਸਲਈ ਇਸੇ "ਇਕ ਦੇਵਤਾ" ਅਨੁਵਾਦ ਕੀਤਾ ਜਾਣਾ ਚਾਹਿਏ ਦਾ ਹੈ। ਯੂਨਾਨੀ ਵਿਆਕਰਨ ਵਿਚ ਇਹ ਜਰੂਰੀ ਹੈ ਕਿ ਨਾਂ (ਸ਼ਬਦ) ਤੋ ਪਹਿਲਾਂ ਨਿਸ਼ਚਿਤ ਇਕ ਉਪਪਦ ਹੋਣਾ ਚਾਹਿਏ ਹੈ। ਵਿਆਕਰਨ ਵਿਸ਼ੇਸ਼ਣ ਇਸ ਸਚਿਆਈ ਨੂੰ ਦੱਸਦਾ ਹੈ ਕਿ ਉਪਪਦ ਦੇ ਬਿਨਾਂ "ਸ਼ਬਦ" ਕੀ ਹੈ। ਜਿਥੇ ਉਪਪਦ ਨਹੀ ਹੈ ਉਹ ਵੀ ਯਹੋਵਾਹ ਵਿਟਨਸ ਇਸ ਨੂੰ "ਪਰਮੇਸ਼ਰ" (ਘੋਦ) ਅਨੁਵਾਦ ਕਰਦੇ ਹਨ: ਇਸ ਆਯਤ ਨੂੰ ਦੇਖੋ, ਯੂਹਨਾ 1:12,18।

ਇਸ ਗੱਲ ਉਥੇ ਮੁਦਦਾ ਉਠਾਇਆ ਜਾ ਸਕਦਾ ਹੈ ਕਿ ਬਾਇਬਲ ਵਿਚ ਕੁਝ ਲੋਕਾਂ ਨੂੰ "ਇਸ਼ਵਰ" ਕਿਹਾ ਗਿਆ ਹਨ। ਲੇਕਿਨ ਇਹ ਕਹਨ ਤੋ ਉਹਨਾ ਨੂੰ ਪਰਮੇਸ਼ਰ ਨਹੀਂ ਮਾਨਾ ਜਾ ਸਕਦਾ ਹੈ। ਉਦਾਹਰਨ ਦੇ ਲਈ ਜਬੂਰ 82:6 ਵਿਚ ਨਿਆਈਆ ਨੂੰ ਇਸ਼ਵਰ ਕਿਹਾ ਗਿਆ ਹੈ। ਬਲਕਿ ਆਗੇ ਇਹ ਆਯਤ ਇਹ ਭੀ ਕਹਣਦੀ ਹੈ ਕਿ ਉਹ ਲੋਕੀ ਮਨੁਖ ਦੇ ਸਮਾਨ ਮਰ ਜਾਣਗੇ। ਮੂਸਾ ਨੂੰ ਫਿਰੌਨ ਦੇ ਸੰਬਧ ਵਿਚ ਇਸ਼ਵਰ ਕਿਹਾ ਗਿਆ ਸੀ। ਲੇਕਿਨ ਇਹ ਸਪਸ਼ਟ ਹੈ ਜੇਹੜਾ ਸ਼ਬਦ ਇਥੋਂ ਸਤਿਮਾਲ ਹੋਇਆ ਹੈ ਉਹ ਪ੍ਰਤਿਕਾਤਮਕ ਰੂਪ ਵਿਚ ਪ੍ਰਯੋਗ ਹੋਇਆ ਹੈ। ਕੋਈ ਯਹੂਦੀ ਕਦੀ ਵੀ ਇਹ ਸਵਿਕਾਰ ਨਹੀਂ ਕਰੂਗਾ ਕਿ ਮੂਸਾ ਪਰਮੇਸ਼ਰ ਦਾ ਰੂਪ ਯਾ ਕੋਈ ਵੀ ਤਰੀਕੇ ਨਾਲ ਇਸ਼ਵਰ ਸੀ।

ਯੂਹਨਾਂ 1:18 ਵਿਚ ਇਹ ਲਿਖਿਆ ਹੋਇਆ ਹੈ ਕਿ ਕਦੀ ਵੀ ਕਿਸੀ ਨੇ ਪਰਮੇਸ਼ਰ ਨੂੰ ਨਹੀਂ ਦੇਖਿਆ ਹੈ ਸਿਵਾਏ ਪਰਮੇਸ਼ਰ ਪੁਤਰ ਨੇ ਜੋ ਪਿਤਾ ਦੇ ਨਾਲ ਹੈ ਅਤੇ ਉਸਨੇ ਉਸਨੂੰ ਪ੍ਰਗਟ ਕੀਤਾ ਹੈ (ਏਨ ਆਈ ਵੀ ਬਾਈਬਲ) । ਇਹ ਪ੍ਰਚੀਨ ਯੂਨਾਨੀ ਲਿਖਾਈ ਅਨੁਸਾਰ ਸਹੀ ਲਿਖਾਈ ਹੈ। ਕੇਵਲ ਪਰਮੇਸ਼ਰ ਹੀ ਪਰਮੇਸ਼ਰ ਨੂੰ ਪ੍ਰਗਟ ਕਰ ਸਕਦਾ ਹੈ। ਦੂਜੇ ਧਰਮਾ ਵਿਚ ਲੋਕੀ ਪਰਮੇਸ਼ਰ ਦੇ ਬਾਰੇ ਬਤਾਉਂਦੇ ਤਾ ਹਨ ਪਰ ਉਹ ਲੋਕੀ ਪਰਮੇਸ਼ਰ ਨੂੰ ਕਦੀ ਵੀ ਪ੍ਰਗਟ ਨਹੀ ਕਰ ਸਕਦੇ ਹਾਂ। ਕਿਉਂਕਿ ਉਹ ਮਾਤਰ ਮਨੁਖ ਹੀ ਹਨ। ਯਿਸੂ ਪਰਮੇਸ਼ਰ ਨੂੰ ਪ੍ਰਗਟ ਕਰ ਸਕਦਾ ਹੈ ਕਿਉਂਕਿ ਉਹ ਪਰਮੇਸ਼ਰ ਹੈ।

**ਰੋਮੀਆਂ ੯:੫** "ਉਹਨਾਂ ਦੇ ਹੀ ਆਦਿ ਪੁਰਖੇ ਸਨ ਅਤੇ ਮਸੀਹ ਦਾ ਵੀ ਸਰੀਰਕ ਤੌਰ ਤੇ ਇਹਨਾਂ ਨਾਲ ਹੀ ਸੰਬੰਧ ਹੈ। ਪਰਮੇਸ਼ਰ ਦੀ ਛਤ੍ਰ ਛਾਇਆ ਹੇਠ ਸਭ ਹਨ। ਉਸ ਦੀ ਮਹਿਮਾ ਅਨੰਤ ਕਾਲ ਤਕ ਹੋਵੇ। ਅਮੀਨ"!

ਰੋਮਿਆਂ 9 ਵਿਚ ਪੌਲੁਸ ਯਹੂਦਿਯਾਂ ਦੇ ਮਹਤਵਪੂਰਨ ਅਧੀਕਾਰਾ ਦੀ ਗੱਲ ਬਾਤ ਕਰ ਰਿਹਾ ਹੈ। ਸਭ ਤੋ ਬਡੀ ਆਸ਼ੀਸ਼ ਇਹ ਹੈ ਕਿ ਯਿਸੂ ਮਸੀਹ ਉਹਨਾ ਦੀ ਜਾਤੀ ਵਿਚੋ ਹੀ ਸਰੀਰ ਧਾਰਣ ਕਰਕੇ ਆਏਂ। ਦੂਜਾ ਅਨੁਵਾਦ ਯੁਨਾਨੀ ਭਾਸ਼ਾ ਉਥੇ ਹੋਰ ਮਜਬੂਤ ਪਕੜ੍ਹ ਦੇਂਦਾ ਹੈ। "ਪੁਰਖੇ ਵੀ ਉਹਨਾਂ ਦੇ ਹਨ ਅਤੇ ਮਸੀਹ ਵੀ ਸਰੀਰਕ ਤੌਰ ਤੇ ਉਹਨਾ ਤੋਂ ਹੋਇਆ। ਸਭ

ਤੇ ਉਪਰ ਪਰਮਪ੍ਰਧਾਨ ਪਰਮੇਸ਼ਰ ਯੁਗਾਨਯੁਗ ਧਨ ਹੋ"(ਏਨ ਆਈ ਵੀ ਬਾਈਬਲ)। ਕੁਝ ਲੋਕੀ ਇਹ ਗੱਲ ਤੋਂ ਬਚਣ ਦੀ ਕੋਸ਼ੀਸ਼ ਕਰਦੇ ਹਨ ਕਿ ਇਹ ਪਰਮੇਸ਼ਰ ਦੀ ਇਸ਼ਵਰੀਯ ਮਸੀਮਾ ਹੈ ਅਤੇ ਇਹ ਆਯਤ ਯਿਸੂ ਮਸੀਹ ਦੇ ਬਾਰੇ ਕੋਈ ਗੱਲ ਨਹੀਂ ਕਰ ਰਹੀ ਹੈ। ਹਕੀਕਤ ਵਿਚ ਚਰਚ ਦੇ ਫਾਦਰ ਜੇਹੜੇ ਯੂਨਾਨੀ ਚੰਗੀ ਤਰਹ ਤੋ ਜਾਣਦੇ ਹਨ। ਉਹ ਲੋਕੀ ਇਸ ਨੂੰ ਬਹੁਤ ਚੰਗੀ ਨਾਲ ਪੜ੍ਹਦੇ ਹਨ ਜੇਵੇਂ ਕਿ ਇਨ ਆਈ ਵੀ ਬਾਇਬਲ ਇਸ ਨੂੰ ਪੜ੍ਹਦੀ ਹੈ। ਅਤੇ ਜਦੋਂ ਪੌਲੂਸ ਪਰਮੇਸ਼ਰ ਦੀ "ਇਸ਼ਵਰੀਯ ਮਹੀਮਾ" ਕਰਦਾ ਹੈ ਤਦ ਉਹ "ਧੰਨ" ਸ਼ਬਦ ਸ਼ੁਰੂ ਵਿਚ ਇਸਤਮਾਲ ਕਰਦਾ ਹੈ ਅੰਤ ਵਿਚ ਨਹੀ।2

**ਇਬਰਾਨੀਆ ੧:੮** "ਪਰ ਪੁੱਤਰ ਦੇ ਬਾਰੇ ਉਹ ਇਸ ਤਰ੍ਹਾਂ ਕਹਿੰਦਾ ਹੈ: ਹੇ ਪਰਮੇਸ਼ਰ, ਤੇਰਾ ਸਿੰਘਾਸਣ ਅੰਨਤਕਾਲ ਤਕ ਸਥਿਰ ਰਹੇਗਾ, ਤੇਰਾ ਰਾਜ ਦੰਢ ਤੇਰੇ ਭਲੇ ਰਾਜ ਦਾ ਰਾਜ ਦੰਢ ਹੈ।"

ਇਬਰਾਨੀਆਂ ਦੀ ਪਤ੍ਰੀ ਨੂੰ ਲਿਖਣ ਵਾਲਾ ਇਹ ਪ੍ਰਗਟ ਕਰਦਾ ਹੈ ਕਿ ਯਿਸੂ ਮਸੀਹ ਸਵਰਗਦੂਤਾਂ ਤੋਂ ਕਿਵੇਂ ਮਹਾਨ ਹੈ। ਉਹ ਜਬੂਰ 45:6 ਵਲ ਇਸ਼ਾਰਾ ਕਰਦਾ ਹੈ ਜਿਸ ਵਿਚ ਮਸੀਹਾ ਬਾਰੇ ਬਿਆਨ ਕੀਤਾ ਗਿਆ ਹੈ। ਇਬਰਾਨੀਆਂ ਦੀ ਪਤ੍ਰੀ ਨੂੰ ਲਿਖਣ ਵਾਲਾ ਇਸ ਗੱਲ ਨੂੰ ਦਸਦਾ ਹੈ ਕਿ ਜੋ ਜਬੂਰ ਦੀ ਪੋਥੀ ਵਿਚ ਲਿਖਿਆ ਹੋਇਆ ਹੈ ਉਹ ਪਰਮੇਸ਼ਰ ਦੇ ਵਲੋ ਯਿਸੂ ਮਸੀਹ ਦੇ ਬਾਰੇ ਸਮਬੋਦਿਤ ਕੀਤਾ ਗਿਆ ਹੈ। ਹਕੀਕਤ ਵਿਚ ਸਵਰਗਦੂਤ ਪੁਤਰ ਦੀ ਮਹੀਮਾ ਕਰ ਰਹੇ ਹਨ, ਇਬਰਾਨੀਆ 1:6, ਜੇਕਰ ਉਹ ਪਰਮੇਸ਼ਰ ਨਹੀਂ ਤਾਂ ਫਿਰ ਇਹ ਮੂਰਤੀ ਪੂਜਾ ਹੋਉਗੀ।

ਯੂਨਾਨੀ ਵਿਆਕਰਣ ਦੇ ਨੇਮਾਂ ਮੁਤਾਬਕ ਤੀਤੁਸ 2:13 ਨੂੰ ਠੀਕ ਰੂਪ ਵਿੱਚ ਅਨੁਵਾਦ ਕੀਤਾ ਹੈ, ਅਤੇ ਉਸ ਧੰਨ ਆਸ ਕੀਤੀ, ਅਰਥਾਤ ਆਪਣੇ ਮਹਾਨ ਪਰਮੇਸ਼ਰ ਯੀਸ਼ੁ ਮਸੀਹ ਉੱਧਾਰਕਰਤਾ ਦੀ ਵਡਿਆਈ ਜ਼ਾਹਰ ਹੋਣ ਦੀ ਉਡੀਕ ਕਰਦੇ ਰਹਿਏ।" ਇਸ ਆਯਤ ਵਿੱਚ ਯੀਸ਼ੁ ਪਰਮੇਸ਼ਰ ਅਤੇ ਉੱਧਾਰਕਰਤਾ ਦੋਨਾਂ ਦੇ ਰੂਪ ਵਿੱਚ ਵਰਣਿਤ ਹੈ। ਇਹ ਪਦ ਦੋ ਵਿਅਕਤਿਆ ਦੇ ਬਾਰੇ ਗੱਲ ਨਹੀਂ ਕਰ ਰਿਹਾ ਹੈ, ਬਲਕਿ ਸਿਰਫ ਇੱਕ ਦੇ ਬਾਰੇ। ਬਾਇਬਲ ਕਿਤੇ ਵੀ ਅੰਤ ਦੇ ਸਮੇਂ ਵਿੱਚ ਪਿਤਾ ਪਰਮੇਸ਼ਰ ਦੇ

ਪ੍ਰਗਟ ਹੋਣ ਦੇ ਬਾਰੇ ਵਿੱਚ ਨਹੀਂ ਬੋਲਦੀ ਹੈ, ਲੇਕਿਨ ਅਸੀਂ ਯੀਸ਼ੁ ਮਸੀਹ ਦੇ ਜ਼ਾਹਰ ਹੋਣ ਦੀ ਉੰਮੀਦ ਕਰ ਰਹੇ ਹਾਂ। ਇਸ ਪ੍ਰਕਾਰ ਦਾ ਇੱਕ ਵਰਣਨ 2 ਪਤਰਸ 1:1 ਵਿੱਚ ਮਿਲਦਾ ਹੈ, ਜਿੱਥੇ ਇਸਨੂੰ ਠੀਕ ਪ੍ਰਕਾਰ ਵਲੋਂ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ। ਸਾਡੇ ਪਰਮੇਸ਼ਰ ਅਤੇ ਮੁਕਤੀਦਾਤਾ ਯੀਸ਼ੁ ਮਸੀਹ ਦੀ ਧਾਰਮਿਕਤਾ ਦੇ ਦੁਆਰਾ" (ਏਨ ਆਈ ਵੀ ਬਾਈਬਲ) ਇਥੇ ਇਹ ਕੋਈ ਦੋ ਵਿਆਕਤੀ ਨਹੀਂ ਹਨ ਕੇਵਲ ਯੀਸੂ ਮਸੀਹ ਦਾ ਜਿਕਰ ਕਰ ਰਿਹਾ ਹੈ।

ਯੀਸ਼ੁ ਮਸੀਹ ਮੌਤ ਤੋਂ ਜੀ ਉੱਠਨ ਦੇ ਬਾਦ ਆਪਣੇ ਚੇਲੀਆਂ ਨੂੰ ਦਿਖਾਈ ਦਿੱਤੇ। ਬਾਰਾਂ ਵਿੱਚੋਂ ਇੱਕ ਥੋਮਾ ਉੱਥੇ ਨਹੀਂ ਸੀ। ਉਹ ਇਸ ਗੱਲ ਉੱਤੇ ਅੜਿਆ ਹੋਇਆ ਸੀ ਕਿ ਜਦੋਂ ਤੱਕ ਉਹ ਯੀਸ਼ੁ ਨੂੰ ਵਿਅਕਤੀਗਤ ਰੂਪ ਵਿੱਚ ਅਤੇ ਉਸਦੇ ਹੱਥਾਂ ਦੇ ਘਾਵੇਂ ਨਹੀਂ ਦੇਖਦਾ ਹੈ ਤੱਦ ਤੱਕ ਉਹ ਵਿਸ਼ਵਾਸ ਨਹੀਂ ਕਰੇਗਾ। ਯੀਸ਼ੁ ਜ਼ਾਹਰ ਹੋਇਆ ਅਤੇ ਉਸਨੇ ਥੋਮਾ ਵਲੋਂ ਜਾਂਚ ਕਰਣ ਅਤੇ ਦੇਖਣ ਲਈ ਬੋਲਿਆ, ਅਤੇ ਕਿਹਾ ਹੁਣ ਕੋਈ ਸ਼ਕ ਨਹੀ ਕਰ ਬਲਕਿ ਸਿਰਫ ਵਿਸ਼ਵਾਸ ਕਰ। ਥੋਮਾ ਨੇ ਆਰਧਨਾ ਅਤੇ ਵਡਿਆਈ ਦੇ ਇਸ਼ ਸ਼ਬਦਾਂ ਨਾਲ ਪ੍ਰਤੀਕਿਰਆ ਵਿਅਕਤ ਕੀਤੀ:

**ਯੂਹਨਾ ੨੦:੨੭-੨੯** "ਇਸ ਦੇ ਪਿੱਛੋਂ ਯਿਸੂ ਨੇ ਥੋਮਾ ਨੂੰ ਆਖਿਆ, "ਆਪਣੀ ਉਂਗਲੀ ਉਰੇ ਕਰ ਅਤੇ ਦੇਖ ਮੇਰੇ ਹੱਥ, ਨਾਲੇ ਆਪਣਾ ਹੱਥ ਮੇਰੀ ਵੱਖੀ ਵਿਚ ਪਾ ਕੇ ਵੀ ਦੇਖ ਅਤੇ ਆਪਣੇ ਸ਼ਕ ਨੂੰ ਦੂਰ ਕਰ ਅਤੇ ਵਿਸ਼ਵਾਸ ਕਰ।" ਥੋਮਾ ਤੁਰੰਤ ਬੋਲ ਉਠਿਆ "ਮੇਰੇ ਪ੍ਰਭੂ ਮੇਰੇ ਪਰਮੇਸ਼ਰ!" ਯਿਸੂ ਨੇ ਉਸ ਨੂੰ ਉਤੱਰ ਦੀਤਾ, "ਕੀ ਤੂੰ ਇਸ ਲਈ ਵਿਸ਼ਵਾਸ ਕੀਤਾ ਹੈ ਕਿ ਤੂੰ ਮੈਨੂੰ ਦੇਖ ਲਿਆ ਹੈ? ਪਰ ਧੰਨ ਉਹ ਜਿਹੜੇ ਬਿਨਾਂ ਮੈਨੂੰ ਦੇਖਿਆਂ ਮੇਰੇ ਉਤੇ ਵਿਸ਼ਵਾਸ ਕਰਦੇ ਹਨ।"

ਕੁੱਝ ਲੋਕੀ ਇਹ ਕਹਿਕੇ ਇਸ ਦਬਾਅ ਵਲੋਂ ਬਚਨ ਦੀ ਕੋਸ਼ਿਸ਼ ਕਰਦੇ ਹਨ। ਕਿ ਥੋਮਾ ਵਾਸਤਵ ਵਿੱਚ ਪਰਮੇਸ਼ਰ ਨੂੰ ਸਬੋਧਿਤ ਕਰ ਰਿਹਾ ਸੀ। ਲੇਕਿਨ ਇਹ ਆਯਤਾਂ ਸਾਨੂੰ ਸਪੱਸ਼ਟ ਰੂਪ ਵਲੋਂ ਦੱਸਦੀਆਂ ਹਨ ਕਿ ਉਹ ਉਨ੍ਹਾਂ ਸ਼ਬਦਾਂ ਨੂੰ ਉਸ ਦੇ ਸਨਮੁਖ ਖੜੇ ਅਰਥਾਤ ਯੀਸ਼ੁ ਨੂੰ ਕਿਹਾ ਸੀ। ਦੂਸਰੀਆਂ ਨੂੰ ਅਜਿਹੇ ਲੱਗਦਾ ਹੈ ਕਿ ਜਿਵੇਂ ਇਹ "ਹੇ ਮੇਰੇ ਪਰਮੇਸ਼ਰ"

ਕਹਿ ਰਿਹਾ ਸੀ, ਲੇਕਿਨ ਕਦੇ ਕੋਇ ਵੀ ਯਹੂਦੀ ਇਸ ਤਰ੍ਹਾਂ ਦੇ ਸ਼ਬਦਾਂ ਦਾ ਪ੍ਰਯੋਗ ਨਹੀਂ ਕਰਦੇ ਕਿਉਂਕਿ ਉਹ ਪਰਮੇਸ਼ਰ ਦੇ ਨਾਮ ਨੂੰ ਅਤਿਅੰਤ ਪਵਿੱਤਰ ਮੰਣਦੇ ਹੈ। ਥੋਮਾ ਉੱਤੇ ਇਹ ਮੰਨਣੇ ਲਈ ਦਬਾਅ ਦਿੱਤਾ ਗਿਆ, ਕਿ ਹਾਲ ਹੀ ਵਿੱਚ ਮੌਤ ਦੇ ਘਾਟ ਉਤਾਰਾ ਗਿਆ ਆਦਮੀ ਇਹੀ ਹੈ ਜੋ ਹੁਣ ਕੋਈ ਨਹੀਂ ਬਲਿਕ ਪਰਮੇਸ਼ਰ ਅਤੇ ਪ੍ਰਭੂ ਦੇ ਰੂਪ ਵਿੱਚ ਉਸਦੇ ਸਮਾਣ ਖੜਾ ਸੀ।

ਦੂਜੀ ਗੱਲ, ਯੀਸ਼ੁ ਨੂੰ **ਪ੍ਰਭੂ** ਕਿਹਾ ਜਾਂਦਾ ਹੈ। ਅਸੀ ਪੂਰੀ ਤਰ੍ਹਾਂ ਇਸ ਸਿਰਲੇਖ ਦੀ ਸ਼ਾਬਾਸ਼ੀ ਨਹੀਂ ਕਰਦੇ ਹਾਂ ਕਿਉਂਕਿ ਇਹ ਮਨੁੱਖ ਲਈ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ ਜਿਸਦਾ ਮਤਲੱਬ "ਪਰਮੇਸ਼ਰ" ਹੁੰਦਾ ਹੈ। ਲੇਕਿਨ ਪ੍ਰਭੂ ਲਈ ਯੂਨਾਨੀ ਸ਼ਬਦ ਇਬਰਾਨੀ ਦੇ ਪੁਰਾਣੇ ਨਿਯਮ ਦੇ ਪਵਿਤਰ ਨਾਮ "ਯਹੋਵਾ" ਵਲੋਂ ਯੂਨਾਨੀ ਵਿੱਚ "ਪ੍ਰਭੂ" ਸ਼ਬਦ ਅਨੁਵਾਦਕਾਂ ਦੁਆਰਾ ਇਸਤੇਮਾਲ ਕੀਤਾ ਗਿਆ ਸੀ। ਇਹ "ਪ੍ਰਭੂ" ਸ਼ਬਦ ਇੱਕ ਸੁੰਦਰ ਸਿਰਲੇਖ ਹੈ। ਇਸ ਉੱਚਤਮ ਸਿਰਲੇਖ "ਪ੍ਰਭੂ" ਨੂੰ ਰੋਮਨ ਸਮਰਾਟ ਆਪਣੇ ਆਪ ਲੈ ਇਸਤੇਮਾਲ ਕਰ ਸਕਦੇ ਸੀ। ਯੂਨਾਨੀ ਸੰਸਕ੍ਰਤੀ ਵਿੱਚ ਇਹ ਇੱਕ ਇਸ਼ਵਰੀਯ ਸਿਰਲੇਖ ਸੀ।[3] ਯਿਸੂ ਮਸੀਹ ਲਈ ਇਹ ਸਿਰਲੇਖ ਉਹਨਾਂ ਦੇ ਅਨੁਯਾਇਯੋਂ ਦੁਆਰਾ ਇਸਤੀਮਾਲ ਕੀਤਾ ਜਾਂਦਾ ਹੈ। ਮੈਨੂੰ ਇਥੇ ਕੁੱਝ ਉਦਾਹਰਣ ਦੇਣ ਦਿਓ।ਅਸੀਂ ਪਹਿਲਾਂ ਵਲੋਂ ਹੀ ਵੇਖਿਆ ਹੈ ਕਿ ਕਿਵੇਂ ਥੋਮਾ ਨੇ ਉਸਨੂੰ "ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ਰ" ਦੇ ਰੂਪ ਵਿੱਚ ਸੰਬੋਧਿਤ ਕੀਤਾ ਸੀ।

**੧ ਕੁਰਿੰਥੁਸ ੮:੪-੬** ਫਿਰ ਮੂਰਤੀਆਂ ਦੇ ਸਾਹਮਣੇ ਚੜ੍ਹਾਏ ਭੋਜਨ ਦੇ ਖਾਣ ਸੰਬੰਧੀ: ਇਸ ਬਾਰੇ ਅਸੀਂ ਜਾਣਦੇ ਹਾਂ ਕਿ ਸੰਸਾਰ ਵਿਚ ਮੂਰਤੀ ਅਰਥਾਤ ਕੇਵਤਾ ਨਾਂ ਦੀ ਕੋਈ ਚੀਜ਼ ਨਹੀਂ ਹੈ, ਕਿਉਂਕਿ ਪਰਮੇਸ਼ਰ ਇਕ ਹੀ ਹੈ, ਬਹੁਤ ਨਹੀਂ। ਬੇਸ਼ਕ ਅਕਾਸ ਅਤੇ ਧਰਤੀ ਤੇ ਬਹੁਤ ਸਾਰੇ ਦੇਵਤਾ ਹਨ, ਜਿਸ ਤਰ੍ਹਾਂ ਕਿ ਬਹੁਤ ਸਾਰੇ ਦੇਵਤਾ ਅਤੇ ਪ੍ਰਭੂ ਵੀ ਹਨ। ਪਰ ਫਿਰ ਵੀ ਸਾਡਾ ਇਕ ਹੀ ਪਰਮੇਸ਼ਰ ਹੈ, ਜੋ ਸਾਡਾ ਪਿਤਾ ਹੈ, ਜੋ ਸਭ ਵਸਤਾਂ ਦਾ ਸੋਮਾ ਹੈ ਅਤੇ ਜਿਸ ਦੇ ਲਈ ਅਸੀਂ ਜੀ ਰਹੇ ਹਾਂ। ਇਸੇ ਤਰ੍ਹਾਂ ਸਾਡਾ ਇਕ ਹੀ ਪ੍ਰਭੂ ਹੈ, ਅਰਥਾਤ ਯਿਸੂ ਮਸੀਹ, ਜਿਸ ਦੇ ਨਾਂ ਦੇ ਦੁਆਰਾ ਅਸੀਂ ਸਭ ਜੀਉਂਦੇ ਹਾਂ।

ਪੌਲੁਸ, ਜੇਹੜ੍ਹਾ ਇੱਕ ਏਕੇਸ਼ਵਰਵਾਦੀ ਹੈ, ਦੋ ਦੇਵਤਵਾਂ ਦੀ ਸਿੱਖਿਆ ਨਹੀਂ ਦਿੰਦਾ ਹੈ, ਲੇਕਿਨ ਇੱਕ ਪਰਮੇਸ਼ਰ ਹੈ ਜੋ ਦੋਨਾਂ ਰੂਪ ਵਿੱਚ ਅਰਥਾਤ ਪਿਤਾ ਦੇ ਰੂਪ ਵਿੱਚ ਉਂਜ ਹੀ ਯੀਸ਼ੁ ਮਸੀਹ ਦੇ ਰੂਪ ਵਿੱਚ ਹੈ। ਇਹੀ ਕਾਰਨ ਹੈ ਕਿ ਇਸ਼ਵਰਤਵ ਦਾ ਹਰ ਇੱਕ ਵਿਅਕਤੀ ਇਕ ਹੀ ਸਮਾਣ ਸੁਭਾਉ ਨੂੰ ਦਿਖਾਉਂਦਾ ਹੈ ( ਮੇਰੇ ਰਿਏਕਤਵ ਦੀ ਪੁਸਿਤਕਾ ਵਿੱਚ ਵੇਖੋ )। ਜਦੋਂ ਅਸੀ ਮਹਿਸੂਸ ਕਰਦੇ ਹਾਂ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਯੀਸ਼ੁ ਮਸੀਹ ਨੂੰ "ਪ੍ਰਭੂ" ਸਿਰਲੇਖ ਦਿੰਦਾ ਹੈ, ਜੋ ਯਹੋਵਾ ਕਹਾਂਦਾ ਹੈ । ਯਾਦ ਰਹੇ ਕਿ ਇੱਕ ਪੁਰਾਨਾ ਯਹੂਦੀ ਰੱਬੀ ਪੌਲੁਸ, ਪੁਰਾਣੇ ਨਿਯਮ ਨੂੰ ਚੰਗੀ ਤਰ੍ਹਾਂ ਵਲੋਂ ਜਾਣਦਾ ਸੀ ਅਤੇ ਇੱਕ ਸਮਾਂ ਮਸੀਹੀ ਕਲੀਸਿਯਾ ਨੂੰ ਸਤਾਂਦਾ ਸੀ ਅਤੇ ਯਹੂਦੀ ਵਿਸ਼ਵਾਸ ਲਈ ਉਤਸ਼ਾਹੀ ਸੀ।

**ਫਿਲਿਪੀਆਂ ੨: ੯-੧੧** ਇਸੇ ਲਈ ਪਰਮੇਸ਼ਰ ਨੇ ਵੀ ਉਸ ਨੂੰ ਉਹ ਨਾਂ ਦਿੱਤਾ, ਜੋ ਸਭ ਨਾਵਾਂ ਤੋਂ ਉੱਚਾ ਹੈ। ਤਾਂ ਜੋ ਯਿਸੂ ਦੇ ਨਾਂ ਤੇ ਹਰ ਵਿਅਕਤੀ ਝੁਕੇ, ਚਾਹੇ ਉਹ ਅਸਮਾਨ ਤੇ ਹੋਵੇ, ਜਾਂ ਜ਼ਮੀਨ ਤੇ ਜਾਂ ਜ਼ਮੀਨ ਦੇ ਥੱਲੇ। ਹਰ ਮਨੁੱਖ ਪਰਮੇਸ਼ਰ ਪਿਤਾ ਦੀ ਮਹਿਮਾ ਵਿਚ, ਖੁਲ੍ਹੇ ਆਮ ਮੰਨ੍ਹੇ ਕਿ ਯਿਸੂ ਮਸੀਹ ਹੀ ਪ੍ਰਭੂ ਹੈ"।

ਕੀ ਵਾਸਤਵ ਵਿੱਚ ਪੌਲੁਸ ਨੇ ਇਹ ਨਹੀਂ ਕਿਹਾ ਸੀ ਕਿ ਪਰਮੇਸ਼ਰ ਨੇ ਉਸਨੂੰ ਨਾਮ ਦਿੱਤਾ ਹੈ, ਪਰ ਇਹ ਕਿ ਪਰਮੇਸ਼ਰ ਨੇ ਉਸਨੂੰ ਇੱਕ ਨਾਮ ਦਿੱਤਾ ਹੈ: ਜੋ ਸਾਰੇ ਨਾਮਾਂ ਵਲੋਂ ਉੱਤੇ ਇੱਕ ਨਾਮ। ਕੇਵਲ ਇੱਕ ਹੀ ਨਾਮ ਹੈ ਜੋ ਇਸ ਤਰ੍ਹਾਂ ਦੇ ਟੀਕੇ ਲਈ ਯੋਗਤਾ ਪ੍ਰਾਪਤ ਕਰ ਸਕਦਾ ਹੈ: ਯਹੋਵਾ ਦਾ ਨਾਮ।[4] ਯਸਾਯਾਹ 45:23 ਦੇ ਸ਼ਬਦਾਂ ਨੂੰ ਆਯਤ 10 ਵਿੱਚ ਤੋਂ ਲਿਆ ਗਿਆ ਹੈ, ਜਿੱਥੇ ਉਹ ਯਹੋਵਾ ਲਈ ਪ੍ਰਯੋਗ ਕਰਦੇ ਹਨ। ਯਿਸੂ ਯਹੋਵਾ ਹੈ ਅਤੇ ਇਸਲਈ ਉਹ ਮਹੀਮਾ ਪ੍ਰਾਪਤ ਕਰਦਾ ਹੈ ਜੋ ਕਿ ਸਿਰਫ ਇਸ਼ਵਰ ਲਈ ਹੀ ਸਹੀ ਹੈ।

**ਯਸਾਯਾਹ ੬:੩** ਉਹ ਇੱਕ ਦੂੱਜੇ ਨੂੰ ਪੁਕਾਰ ਕੇ ਕਰ ਕਹਿ ਰਹੇ ਸਨ: "ਪਵਿਤਰ, ਪਵਿਤਰ, ਪਵਿਤਰ ਹੈ! ਸਰਵ ਸ਼ਕਤੀਮਾਨ ਪ੍ਰਭੂ ਪਵਿੱਤਰ ਹੈ! ਉਸ ਦਾ ਪ੍ਰਤਾਪ ਸੰਸਾਰ ਨੂੰ ਭਰਦਾ ਹੈ।"

**ਯਹੂੰਨਾ ੧੨:੪੧** "ਯਸਾਯਾਹ ਨਬੀ ਨੇ ਇਹ ਕਿਹਾ, ਕਿਉਂਕਿ ਉਸ ਨੇ ਯਿਸੂ ਦੀ ਮਹਿਮਾ ਦੇਖੀ ਅਤੇ ਉਹਨਾਂ ਦੇ ਬਾਰੇ ਬੋਲਿਆ।"

ਅਸੀ ਉਪਰ ਦੇ ਪਾਠ ਵਿੱਚ ਯਸ਼ਾਯਾਹ ਵਲੋਂ ਯਸ਼ਾਯਾਹ ਦੇ ਦਰਸ਼ਨ ਦਾ ਇੱਕ ਟੀਕਾ ਪਾਂਦੇ ਹਨ, ਜਿਸ ਵਿੱਚ ਉਸਨੇ ਪ੍ਰਭੂ ਨੂੰ ਆਪਣੇ ਸਿੰਹਾਸਨ ਉੱਤੇ ਅਤੇ ਸਾਰਾਪ (ਸਵਰਗਦੂਤਾਂ) ਦੁਆਰਾ ਇਸ ਸ਼ਬਦਾਂ ਦੇ ਨਾਲ ਉਸਨੂੰ ਉੱਚੇ ਉੱਤੇ ਸਰਾਹਤੇ ਵੇਖਿਆ। ਸੇਰਾਫੀਮ  ਦੇ ਇਹ ਸ਼ਬਦ ਯਹੋਵਾ ਦੀ ਸ਼ਾਬਾਸ਼ੀ ਲਈਆਂ ਹਨ। ਸਾਡੇ ਅੰਗਰੇਜ਼ੀ ਅਨੁਵਾਦ ਵਿੱਚ ਯਹੋਵਾ ਲਈ ਸਾਰੇ ਵੱਡੇ ਅੱਖਰਾਂ (LORD) ਦਾ ਵਰਤੋ ਕਰਦੇ ਹਾਂ। ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰੇਰਿਤ ਯਹੂੰਨਾਦਾ ਕਹਿਣਾ ਹੈ ਕਿ ਇਸ ਸ਼ਬਦਾਂ ਦੇ ਦੁਆਰੇ ਯੀਸ਼ੁ ਮਸੀਹ ਦੇ ਬਾਰੇ ਵਿੱਚ ਗੱਲ ਕੀਤੀ ਜਾ ਰਹੀ ਸੀ! ਯਸ਼ਾਯਾਹ ਨੇ ਮਸੀਹ ਦੀ ਵਡਿਆਈ ਨੂੰ ਵੇਖਿਆ ਜਦੋਂ ਉਸਨੇ ਉਸ ਦਿੰਨ ਮੰਦਿਰ ਵਿੱਚ ਯਹੋਵਾ ਨੂੰ ਵੇਖਿਆ। ਯਿਸੂ ਸਪੱਸ਼ਟ ਰੂਪ ਵਲੋਂ ਪੁਰਾਣੇ ਨਿਯਮ ਦਾ ਯਹੋਵਾ ਹੈ।

**ਯਸਾਯਾਹ ੪੦:੩** "ਇਕ ਅਵਾਜ਼ ਪੁਕਾਰ ਰਹੀ ਹੈ: "ਉਜਾੜ ਵਿਚ ਪ੍ਰਭੂ ਦੇ ਲਈ ਰਾਹ ਤਆਰ ਕਰੋ। ਵਿਰਾਨੇ ਵਿਚ ਸਾਡੇ ਪਰਮੇਸ਼ਰ ਲਈ ਇਕ ਰਾਹ ਸਿੱਧ ਕਰੋ।"

ਇੱਥੇ ਯਸ਼ਾਯਾਹ 40 ਅਧਿਆਏ ਵਿੱਚ, ਅਸੀ ਯਹੋਵਾ ਦੇ ਆਪਣੇ ਲੋਕਾਂ ਨੂੰ ਬਚਾਉਣ ਲਈ ਆਉਣ ਲਈ ਇੱਕ ਭਵਿੱਖਵਾਣੀ ਦੇਖਦੇ ਹਨ। ਇਹ ਦਿਨ ਇੱਕ ਨਬੀ ਦੇ ਦੁਆਰਾ ਪ੍ਰਚਾਰ ਕੀਤਾ ਜਾਵੇਗਾ ਅਤੇ ਉਹ ਯਹੋਵਾ (LORD) ਦੇ ਰਸਤੇ ਨੂੰ ਤਿਆਰ ਕਰਣਗੇ। ਫਿਰ ਵੀ ਜਦੋਂ ਅਸੀ ਨਵੇਂ ਨਿਯਮ ਵਿੱਚ ਆਉਂਦੇ ਹਾਂ ਤਾਂ ਅਸੀ ਮੱਤੀ ਦੇ ਸੁਸਮਾਚਾਰ ਵਿੱਚ ਨਿੱਚੇ ਲਿਖਿਆਂ ਗੱਲਾਂ ਨੂੰ ਪੜ੍ਹਦੇ ਹਾਂ:

**ਮੱਤੀ ੩:੧** "ਉਸ ਸਮੇ ਯਹੂੰਨਾ ਬਪਤੀਸਮਾ ਦੇਣ ਵਾਲਾ ਯਹੂਦਿਆ ਦੇ ਵਿਰਾਨੇ ਵਿਚ ਆ ਕੇ ਇਸ ਤਰ੍ਹਾਂ ਪ੍ਰਚਾਰ ਕਰਨ ਲਗਾ:"

**ਮੱਤੀ ੩:੩** "ਯੂਹੰਨਾ ਬਾਰੇ ਹੀ ਯਸਾਯਾਹ ਨਬੀ ਦੇ ਕਹੇ ਹੋਏ ਇਹ ਸ਼ਬਦ ਦੱਸਦੇ ਹਨ: ਵਿਰਾਨੇ ਵਿਚ ਇਕ ਅਵਾਜ਼ ਗੂੰਜ ਰਹੀ ਹੈ, ਪ੍ਰਭੂ ਦਾ ਰਾਹ ਤਿਆਰ ਕਰੋ, ਉਸ ਦੇ ਰਾਹ ਨੂੰ ਸਿੱਧਾ ਕਰੋ।"

ਇੱਥੇ ਧਿਆਨ ਦਿਓ ਕਿ ਯਸ਼ਾਯਾਹ 40 ਦੇ ਸ਼ਬਦਾਂ ਨੂੰ ਯਹੂੰਨਾ ਬਪਿਤਸਮਾ ਦੇਣ ਵਾਲੇ ਦੇ ਰੂਪ ਵਿੱਚ ਪੂਰਾ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਯਿਸੂ ਮਸੀਹ ਲਈ ਰਸਤਾ ਤਿਆਰ ਕਰਦਾ ਹੈ! ਯਿਸੂ ਪੁਰਾਣੇ ਨਿਯਮ ਦੇ ਯਹੋਵਾ ਹਨ ਜੋ ਆਪਣੇ ਲੋਕਾਂ ਨੂੰ ਬਚਾਉਣ ਲਈ ਆ ਗਿਆ ਹੈ। ਯਹੂੰਨਾ ਬਪਿਤਸਮਾ ਦੇਣ ਵਾਲੇ ਦੇ ਪਿਤਾ ਜਕਰਯਾਹ ਨੂੰ ਦਿੱਤਾ ਸਵਰਗਦੂਤ ਦੇ ਸ਼ਬਦ ਇਸ ਵਿਆਖਿਆ ਦੇ ਨਾਲ ਉਸਦੇ ਬੇਟੇ ਦੇ ਵਿਸ਼ਾ ਵਿੱਚ ਠੀਕ ਬੈਠਤੇਂ ਹਨ:

**ਲੂਕਾ ੧:੧੭** "ਉਸ ਪਰਮੇਸ਼ਰ ਦੇ ਸਾਹਮਣੇ ਏਲੀਆ ਨਬੀ ਦੀ ਤਰ੍ਹਾਂ ਆਤਮਾ ਵਿਚ ਭਰਪੂਰ ਹੋ ਕੇ ਚਲੇਗਾ, ਤਾਂ ਜੋ ਉਹ ਮਾਪਿਆ ਦਾ ਦਿਲ ਬੱਚਿਆਂ ਵੱਲ ਮੋੜੇ; ਅਧਰਮਿਆਂ ਨੂੰ ਧਰਮ ਦਾ ਪਾਠ ਸਿਖਾਵੇ ਅਤੇ ਲੋਕਾਂ ਨੂੰ ਪ੍ਰਭੂ ਲਈ ਤਿਆਰ ਕਰੇ।"

ਇਹ ਪੂਰੀ ਤਰਹਾਂ ਸਪੱਸ਼ਟ ਹੈ ਕਿ ਕਦੇ ਕੋਰਇ ਵੀ ਮੂਸਾ ਜਾਂ ਏਲੀਸ਼ਾ ਜਾਂ ਦਾਊਦ ਨੂੰ ਅਜਿਹੇ ਸਿਰਲੇਖ ਦੇਣ ਦੇ ਬਾਰੇ ਵਿੱਚ ਨਹੀਂ ਸੋਚੇਗਾ। ਹੈਰਾਨੀ ਦੀ ਗੱਲ ਇਹ ਹੈ ਕਿ ਇੱਕ ਦਾਊਦ ਦੇ ਸਮਾਨ ਜੋਧਾ ਨੂੰ ਵੀ ਇਸ ਸੁੰਦਰ ਖਿਤਾਬ ਨੂੰ ਨਹੀਂ ਦਿੱਤਾ ਗਿਆ, ਲੇਕਿਨ ਉਸਨੂੰ ਦਿੱਤਾ ਗਿਆ, ਜਿਨੂੰ ਅਪਮਾਨਿਤ ਕੀਤਾ ਅਤੇ ਇੱਕ ਸਲੀਬ ਉੱਤੇ ਲਟਕਾ ਦਿੱਤਾ ਗਿਆ ਸੀ! ਯਿਸੂ ਦੀ ਇਸ਼ਵਰੀਇਤਾ ਆਪਣੇ ਲੋਕਾਂ ਦੇ ਪਾਪਾਂ ਲਈ ਆਤਮ-ਬਲੀਦਾਨ ਅਤੇ ਮੌਤ ਉੱਤੇ ਫਤਹਿ ਵਲੋਂ ਸਪੱਸ਼ਟ ਹੋਈ ਹੈ। ਇਹ ਸਿਰਲੇਖ ਉਹਨਾਂ ਸਖ਼ਤ ਏਕਇਸ਼ਵਰਵਾਦੀਆਂ ਦੁਆਰਾ ਦਿੱਤੇ ਗਏ ਸਨ, ਜਿਹਨਾਂ ਨੂੰ ਯਿਸੂ ਨੂੰ ਪਰਮੇਸ਼ਰ ਅਤੇ ਪ੍ਰਭੂ ਬੁਲਾਣ ਵਿੱਚ ਹੁਣੇ ਵੀ ਕੋਈ ਵਿਵਾਦ ਨਹੀਂ ਦਿਸਦਾ।

# 2

# ਯਿਸੂ ਨੂੰ ਸਿੱਧ ਇਸ਼ਵਰ ਦਾ ਸਿਰਲੇਖ ਦਿੱਤਾ ਹੈ ਜੋ ਕੇਵਲ ਪਰਮੇਸ਼ਰ ਲਈ ਲਾਗੂ ਹੈ

ਸਭਤੋਂ ਪਹਿਲਾਂ, ਯਿਸੂ ਦੀ **ਅਵਿਨਾਸ਼ੀ** ਰੂਪ ਵਿੱਚ ਵਿਆਖਿਆ ਕੀ ਗਈ ਹੈ। ਉਹ ਇੱਕ ਹੈ ਜੋ ਹਮੇਸ਼ਾ ਵਲੋਂ ਹੀ ਅਸਤਿਤਵ ਵਿੱਚ ਹੈ ਅਤੇ ਹਮੇਸ਼ਾ ਰਹੇਗਾ। ਉਸਦੇ ਲਈ ਯਹੂੰਨਾ ਕਹਿੰਦਾ ਹੈ ਕਿ "ਆਦਿ ਵਲੋਂ ਪਰਮੇਸ਼ਰ ਦੇ ਨਾਲ ਸੀ" (ਯਹੂੰਨਾ 1:1)। ਉਹ ਦੁਨੀਆ ਦੇ ਪਹਿਲੇ ਵਲੋਂ ਪਿਤਾ ਪਰਮੇਸ਼ਰ ਦੇ ਨਾਲ ਵਡਿਆਈ ਵਿੱਚ ਸਹਭਾਗੀ ਹੈ (ਯਹੂੰਨਾ 17:5)। ਯਿਸੂ ਹੀ ਇੱਕ ਨਹੀਂ ਹੈ ਜੋ ਅਸਿਤਤਵ ਵਿੱਚ ਆਇਆ ਅਤੇ ਹਮੇਸ਼ਾ ਲਈ ਮੌਜੂਦ ਰਹੇਗਾ ਕਿਉਂਕਿ ਇਹ ਮਨੁੱਖ ਅਤੇ ਸਵਰਗਦੂਤਾਂ ਲਈ ਸੱਚ ਹੈ, ਪਰ ਇੱਕ ਜੋ ਉਹਨਾਂ ਦੇ ਵਿਪਰੀਤ ਹੈ, ਜਿਸਦੀ ਕੋਈ ਸ਼ੁਰੁਆਤ ਨਹੀਂ ਸੀ, ਕਿਉਂਕਿ ਉਹ ਪਰਮੇਸ਼ਰ ਦਾ ਪੁੱਤ ਹੈ। ਪ੍ਰਕਾਸ਼ਿਤਵਾਕਯ ਦੀ ਕਿਤਾਬ ਵਿੱਚ ਅਸੀ ਯਿਸੂ ਦਾ ਨਿੱਚੇ ਲਿਖੀਂ ਗੱਲਾਂ ਨੂੰ ਪੜ੍ਹਦੇ ਹਾਂ:

**ਪ੍ਰਕਾਸ਼ ਦੀ ਪੋਥੀ ੧:੧੭,੧੮** "ਇਸ ਤਰ੍ਹਾਂ ਜਦੋਂ ਮੈਂ ਉਸ ਨੂੰ ਦੇਖਿਆ, ਤਾਂ ਮੈਂ ਉਸ ਦੇ ਚਰਨਾਂ ਵਿਚ ਮੁਰਦੇ ਆਦਮੀ ਦੀ ਤਰ੍ਹਾਂ ਡਿਗ ਪਿਆ। ਪਰ ਉਸ ਨੇ ਆਪਣੇ ਸੱਜੇ ਹੱਥ ਨਾਲ ਮੈਨੂੰ ਸਹਾਰਾ ਦਿੰਦੇ ਹੋਏ ਕਿਹਾ: "ਡਰ ਨਹੀਂ, ਮੈਂ ਆਦਿ ਅਤੇ ਅੰਤ ਹਾਂ। ਮੈਂ ਜ਼ਿੰਦਾ ਹਾਂ, ਪਰ ਮਰ ਗਿਆ ਸਾਂ, ਪਰ ਹੁਣ ਫਿਰ ਜ਼ਿੰਦਾ ਹਾਂ ਅਤੇ ਅੰਤ ਕਾਲ ਤਕ ਜੀਉਂਦਾ ਰਹਾਂਗਾ। ਮੇਰੇ ਕੋਲ ਮੌਤ ਅਤੇ ਜਮਲੋਕ ਦੀਆਂ ਕੁੰਜੀਆਂ ਹਨ।"

**ਪ੍ਰਕਾਸ਼ ਦੀ ਪੋਥੀ ੨੨:੧੩** "ਮੈਂ ਆਦਿ ਅਤੇ ਅੰਤ ਹਾਂ, ਮੈਂ ਪਹਿਲਾ ਅਤੇ ਪਿਛੱਲਾ ਹਾਂ, ਅਤੇ ਮੈਂ ਸ਼ੁਰੂ ਅਤੇ ਆਖ਼ਰ ਹਾਂ।"

ਇੱਥੇ ਧਿਆਨ ਦਿਓ ਕਿ ਕਿਵੇਂ ਯੀਸ਼ੂ ਨੂੰ "ਪਹਿਲਾ ਅਤੇ ਆਖਰੀ" ਅਤੇ "ਅਲਫਾ ਅਤੇ ਓਮੇਗਾ" ਜੋ ਯੂਨਾਨੀ ਵਰਨਮਾਲਾ ਦੇ ਪਹਿਲੇ ਅਤੇ ਆਖਰੀ ਸ਼ਬਦ ਹਨ, ਉਹੀ ਸ਼ੁਰੂ ਅਤੇ ਅੰਤ ਹੈ ਅਜਿਹਾ ਕਹਿਕੇ ਸੰਬੋਧਿਤ ਕਰ ਰਹੇ ਹਨ। ਇਹ ਸਿਰਲੇਖ ਕਿਸੇ ਵੀ ਪ੍ਰਾਣੀ ਲਈ ਅਨੁਚਿਤ ਹਨ ਜਿਸਦੀ ਇੱਕ ਸ਼ੁਰੁਆਤ ਹੈ ਅਤੇ ਜਿਹੜ੍ਹਾ ਕੇਵਲ ਪਰਮੇਸ਼ਰ ਦੁਆਰਾ ਜੀਵਿਤ ਰੱਖਿਆ ਗਿਆ ਹੈ। ਇਹ ਸਿਰਲੇਖ ਪੁਰਾਣੇ ਨਿਯਮ ਵਿੱਚ ਯਹੋਵਾ ਲਈ ਲਾਗੂ ਹੋਇਆ ਹੈ।

**ਯਸ਼ਾਯਾਹ ੪੧:੪** "ਇਕ ਕਿਸ ਨੇ ਕੀਤਾ? ਇਸ ਇਕਸ ਨੇ ਮਨੁੱਖੀ ਇਤਿਹਾਸ ਦਾ ਆਰੰਭ ਕੀਤਾ? ਮੈਂ, ਉਥੇ ਆਰੰਭ ਵਿਚ ਸਾਂ, ਅਤੇ ਮੈਂ, ਪ੍ਰਭੂ ਅੰਤ ਵਿਚ ਵੀ ਉਥੇ ਹੋਵਾਂਗਾ।"

**ਯਸ਼ਾਯਾਹ ੪੪:੬** "ਪ੍ਰਭੂ, ਜੋ ਇਸਰਾਈਲ ਦਾ ਰੱਖਿਅਕ ਹੈ, ਅਰਥਾਤ ਸਰਵ ਸ਼ਕਤੀਮਾਨ ਪ੍ਰਭੂ ਹੈ, "ਮੈਂ ਆਦ ਅਤੇ ਅੰਤ ਹਾਂ, ਮੈਂ ਹੀ ਕੇਵਲ ਇਕ ਮਾਤਰ ਪਰਮੇਸ਼ਰ ਹਾਂ, ਕੋਈ ਦੂਜਾ ਮੇਰੇ ਬਰਾਬਰ ਨਹੀਂ ਹੈ।"

**ਯਸ਼ਾਯਾਹ ੪੮:੧੨** "ਪ੍ਰਭੂ ਕਹਿੰਦਾ ਹੈ, ਹੇ ਇਸਰਾਈਲ, ਮੇਰੇ ਸੱਦੇ ਹੋਏ ਲੋਕੋਂ, ਤੁਸੀਂ ਮੇਰੀ ਸੁਣੋ, ਮੈਂ ਹੀ ਪਰਮੇਸ਼ਰ ਹਾਂ, ਮੈਂ ਪਹਿਲਾਂ, ਅੰਤਮ, ਅਤੇ ਕੇਵਲ ਇਕ ਮਾਤਰ ਪਰਮੇਸ਼ਰ ਹਾਂ।"

ਜੇਕਰ ਯੀਸ਼ੂ ਮਸੀਹ ਪਿਤਾ ਦੇ ਬਰਾਬਰ ਅਤੇ ਆਪ ਪਰਮੇਸ਼ਰ ਨਹੀਂ ਹੁੰਦਾ ਅਤੇ ਇਸ ਤਰ੍ਹਾਂ ਦੇ ਸਿਰਲੇਖ ਨੂੰ ਆਪ ਲਈ ਲਗਾਉਂਦਾ, ਤਾਂ ਉਸਦੇ ਲਈ ਇਹ ਇੱਕ ਨਿੰਦਾ ਦੀ ਗੱਲ ਹੁੰਦੀ। ਮਸੀਹੇ ਦੇ ਜਨਮ ਦੇ ਬਾਰੇ ਵਿੱਚ ਅਤੇ ਇਸ ਸਚਾਈ ਨੂੰ ਕਿ ਉਹ ਅਨੰਤ ਕਾਲ ਵਲੋਂ ਅਸਿਤਤਵ ਵਿੱਚ ਸੀ, ਮੀਕਾ 5:2 ਵਿਚ ਪਾਈ ਜਾਣ ਵਾਲੀ ਇਹ ਆਯਤ ਇਸ ਗੱਲ ਨੂੰ ਚੰਗੀ ਤਰਹ ਦੱਸਦੀ ਹੈ।

**ਮੀਕਾ ੫:੨** "ਪ੍ਰਭੂ ਕਹਿੰਦਾ ਹੈ: 'ਹੇ ਬਤਲਹਮ ਅਫਰਾਥਾਸ, ਤੂੰ ਯਹੂਦਾਹ ਦੇ ਸਭ ਨਗਰਾਂ ਵਿਚ ਸਭ ਤੋਂ ਛੋਟਾ ਹੈਂ, ਪਰ ਮੈਂ ਤੇਰੇ ਵਿਚੋਂ ਹੀ ਇਸਰਾਈਲ ਲਈ ਇਕ ਸ਼ਾਸਕ ਪੈਦਾ ਕਰਾਂਗਾ,ਜਿਸ ਦੇ ਵੰਸ ਦਾ ਸੰਬੰਧ ਪ੍ਰਾਚੀਨ ਕਾਲ ਅਰਥਾਤ ਆਦ ਤੋਂ ਹੈ'।"

ਇੱਥੇ ਇਹ ਕਾਫ਼ੀ ਸਪੱਸ਼ਟ ਹੈ ਕਿ ਇਹ ਬੇਤਲੇਹੇਮ ਵਿੱਚ ਯੀਸ਼ੁ ਮਸੀਹ ਦੇ ਜਨਮ ਨੂੰ ਬਤਾਉਂਦਾ ਹੈ। ਹੁਣੇ ਤੱਕ ਮੀਕਾ ਵਿੱਚ ਕਿਹਾ ਗਿਆ ਹੈ ਕਿ ਦੁਨੀਆ ਵਿੱਚ ਆਉਣ ਵਾਲਾ ਉਹ ਪ੍ਰਾਚੀਨ ਵਲੋਂ ਪੂਰਵ ਅਨੰਤਕਾਲ ਵਲੋਂ ਆ ਰਿਹਾ ਹੈ। ਇਹ ਤੱਦ ਹੀ ਹੋ ਸਕਦਾ ਹੈ ਜਦੋਂ ਉਹ ਸਾਡੇ ਮਨੁੱਖ ਸੁਭਾਅ ਵਿੱਚ ਆਉਣ ਤੋ ਪਹਿਲਾਂ ਪਰਮੇਸ਼ਰ ਦੇ ਪੁੱਤ  ਦੇ ਰੂਪ ਵਿੱਚ ਪਹਿਲਾਂ ਵਲੋਂ ਹੀ ਅਸਿਤਤਵ ਹੋ। ਜਦੋਂ ਅਸੀ ਇਸ ਬੱਚੇ ਦੇ ਵਿਸ਼ਾ ਵਿੱਚ ਯਸ਼ਾਯਾਹ ਦੀ ਭਵਿੱਖਵਾਣੀ ਪੜ੍ਹਦੇ ਹਾਂ ਤਾਂ ਇਹ ਸੱਚਾਰਇ ਜ਼ਾਹਰ ਹੁੰਦੀ ਹੈ।

**ਯਸ਼ਾਯਾਹ ੯:੬** "ਸਾਡੇ ਲਈ ਇਕ ਬਾਲਕ ਪੈਦਾ ਹੋਇਆ, ਇਕ ਪੁੱਤਰ ਸਾਨੂੰ ਦਿੱਤਾ ਗਿਆ ਹੈ, ਜੋ ਸਾਡੇ ਉਤੇ ਰਾਜ ਕਰੇਗਾ, ਉਸ ਦਾ ਨਾਂ ਇਸ ਤਰ੍ਹਾਂ ਲਿਆ ਜਾਵੇਗਾ "ਅਦਭੁੱਤ ਸਲਾਹਕਾਰ", "ਅਨੰਤ ਪਿਤਾ" "ਸ਼ਾਂਤੀ ਦਾ ਰਾਜ ਕੁੰਮਾਰ।" ਇੱਕ ਤਰਫ ਤਾਂ, ਬੱਚੇ ਦਾ ਜਨਮ ਇਤਹਾਸ ਵਿੱਚ ਇੱਕ ਨਿਸ਼ਿਚਤ ਸਮੇਂ ਤੇ ਹੁੰਦਾ ਹੈ ਲੇਕਿਨ ਦੂਜੀ ਤਰਫ, ਉਹ ਬੱਚਾ ਜੋ ਸਾਨੂੰ ਦਿੱਤਾ ਗਿਆ, ਉਸਦੇ ਜਨਮ ਹੋਣ ਤੋਂ ਪਹਿਲਾ ਉਹ ਪਰਮੇਸ਼ਰ ਦੇ ਪੁੱਤ ਦੇ ਰੂਪ ਵਿੱਚ ਅਸਿਤਤਵ ਵਿੱਚ ਸੀ। ਇਸ ਬੱਚੇ ਨੂੰ ਇਸ਼ਵਰ ਦਾ ਖਿਤਾਬ ਦਿੱਤਾ ਜਾਂਦਾ ਹੈ ਕਿਉਂਕਿ ਉਹ ਅਨੰਤ ਕਾਲ ਨਾਲ ਹੈ ਅਤੇ ਇਸਲਈ "ਅਨੰਤਕਾਲ ਦਾ ਪਿਤਾ" ਕਹਲਾਇਆ ਜਾਂਦਾ ਹੈ। ਪੁੱਤ ਤਾਂ ਪਿਤਾ ਦੇ ਦਿੱਲ ਵਿੱਚ ਅਨੰਤਕਾਲ ਵਲੋਂ ਅਸਿਤਤਵ ਵਿੱਚ ਹੈ ਅਤੇ ਨਬੀ ਦੁਆਰਾ ਦਿੱਤੇ ਗਏ ਸਿਰਲੇਖ ਵਿੱਚ ਠੀਕ ਪ੍ਰਕਾਰ ਵਲੋਂ ਵਰਣਿਤ ਕੀਤਾ ਜਾ ਸਕਦਾ ਹੈ ।

ਦੂਜਾ, ਯਿਸੂ ਨੂੰ **ਸਰਬ-ਵਿਆਪਕ** ਕਿਹਾ ਗਿਆ ਹੈ। ਨਿਕੁਦੇਮੁਸ ਅਤੇ ਯਿਸੂ ਮਸੀਹ ਦੀ ਗੱਲਬਾਤ ਵਿੱਚ ਸਵਰਗ ਦੇ ਰਾਜ ਵਿੱਚ ਪਰਵੇਸ਼  ਕਰਣ ਲਈ ਨਵੇਂ ਜਨਮ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ। ਨਿਕੁਦੇਮੁਸ ਇੱਕ ਯਹੂਦੀ ਸ਼ਾਸਕ ਇਸ ਸਿੱਖਿਆ ਉੱਤੇ ਹੈਰਾਨ ਹੈ ਲੇਕਿਨ ਯਿਸੂ ਕਹਿੰਦਾ ਹੈ, "ਮੈਂ ਤੈਨੂੰ ਸੱਚ ਸੱਚ ਕਹਿੰਦਾ ਹਾਂ ਕਿ ਜੋ ਅਸੀ ਜਾਣਦੇ ਹਾਂ ਉਹ ਹੀ ਕਰਦੇ ਹਾਂ, ਅਤੇ ਜਿਸ ਨੂੰ ਅਸੀਂ ਵੇਖਿਆ ਹੈ ਉਸੀ ਦੀ ਗਵਾਹੀ ਦਿੰਦੇ ਹਾਂ, ਅਤੇ ਤੂੰ ਸਾਡੀ ਗਵਾਹੀ ਕਬੂਲ ਨਹੀਂ ਕਰਦੇ।  ਮੈਂ ਤੂੰ ਵਲੋਂ ਧਰਤੀ ਦੀਆਂ ਗੱਲਾਂ ਕਿਤੇ ਤਾਂ ਤੂੰ ਵਿਸ਼ਵਾਸ ਨਹੀਂ ਕਰਦੇ, ਜੇਕਰ ਮੈਂ ਤੁਹਾਨੂੰ ਸਵਰਗ ਦੀਆਂ ਗੱਲਾਂ ਦੱਸਾਂ ਤਾਂ ਕਿਵੇਂ ਵਿਸ਼ਵਾਸ ਕਰੇਂਗਾ? (ਯਹੂੰਨਾ 3:11,12)। ਯਿਸੂ ਅੱਗੇ ਆਪਣੀ ਸਰਵਵਿਆਪਕਤਾ ਦੇ ਵਿਸ਼ਾ ਵਿੱਚ ਇੱਕ ਚੌਂਕਾਣ ਵਾਲਾ ਬਿਆਨ ਦਿੰਦਾ ਹੈ:

**ਯਹੂੰਨਾ ੩:੧੩** "ਕੋਈ ਸਵਰਗ ਉਤੇ ਨਹੀਂ ਚੜ੍ਹਿਆ, ਸਿਵਾਏ ਮਨੁੱਖ ਦੇ ਪੁੱਤਰ ਦੇ, ਜਿਹੜਾ ਸਵਰਗ ਤੋਂ ਉਤਰਿਆ ਹੈ।"

ਯਿਸੂ ਨੇ ਇਹ ਪੁਸ਼ਿਟ ਨਹੀਂ ਕੀਤੀ ਹੈ ਕਿ ਉਹ ਸਵਰਗ ਵਿੱਚ ਚੜ੍ਹਿਆ ਸੀ। ਅਤੇ ਨਾ ਹੀ ਜਿਥੇ ਕੋਈ ਆਦਮੀ ਅੱਪ ਚੜਿਆ ਸੀ। ਯੀਸ਼ੁ ਇਹ ਕਹਿ ਰਿਹਾ ਹੈ ਕਿ ਕੋਈ ਵੀਆ ਆਦਮੀ ਇਸ ਤਰ੍ਹਾਂ ਦੀ ਸਿੱਖਿਆ ਦੇਣ ਲਈ ਲਾਇਕ ਨਹੀਂ ਹੈ, ਸਿਰਫ ਜਿਸਦਾ ਪਰਮੇਸ਼ਰ ਦੇ ਨਾਲ ਇੱਕ ਘਨਿਸ਼ਠ ਸੰਬੰਧ ਹੋ ਅਤੇ ਯੀਸ਼ੁ ਸਰਵਵਿਆਪੀ ਨੂੰ ਉਹ ਗਿਆਨ ਹੈ। ਅਜਿਹਾ ਨਹੀਂ ਹੈ ਕਿ ਉਹ ਸਿਰਫ ਸਵਰਗ ਵਿੱਚ ਸੀ, ਬਲਕੀ ਉਹ ਨਿਕੁਦੇਮੁਸ ਵਲੋਂ ਗੱਲ ਕਰਦੇ ਸਮਾਂ ਸਵਰਗ ਵਿੱਚ ਅਤੇ ਇਕ ਹੀ ਸਮੇ ਧਰਤੀ ਉਥੇ "ਸੀ", ਕਿਉਕਿ ਉਹ ਪਰਮੇਸ਼ਰ ਦੇ ਰੂਪ ਵਿੱਚ ਹੈ ਉਹ ਇੱਕ ਸਮਾਂ ਵਿੱਚ ਹੀ ਹਰ ਥਾਂ ਹੈ।

**ਮੱਤੀ ੨੮:੨੦** "ਉਹਨਾਂ ਨੂੰ ਇਸ ਸਭ ਦੀ ਜੋ ਮੈਂ ਤੁਹਾਨੂੰ ਹੁਕਮ ਦਿੱਤਾ ਹੈ, ਪਾਲਨਾ ਕਰਨੀ ਸਿਖਾਓ। ਦੇਖੋ, ਮੈਂ ਤੁਹਾਡੇ ਨਾਲ ਹਮੇਸ਼ਾ ਤਕ ਹਾਂ, ਇਥੋਂ ਤਕ ਕਿ ਜੁਗਾਂ ਦੇ ਅੰਤ ਤਕ।"

ਉਪਰ ਦੇ ਸ਼ਬਦਾਂ ਨੂੰ ਯਿਸੂ ਦੇ ਜੀ ਉੱਠਣ ਦੇ ਬਾਅਦ ਅਤੇ ਉਸਦੇ ਸਵਰਗ ਉੱਤੇ ਉਠਾਏ ਜਾਣ ਵਲੋਂ ਪਹਿਲਾਂ ਕਿਹਾ ਗਿਆ ਹੈ। ਉਸ ਨੇ ਆਪਣੇ ਚੇਲੀਆਂ ਨੂੰ ਮਹਾਨ ਆਦੇਸ਼ ਨੂੰ ਪੂਰਾ ਕਰਣ ਲਈ ਆਪਣੀ ਉਪਸਿਥਤੀ ਦਾ ਬਚਨ ਦਿੱਤਾ ਹੈ ਅਤੇ ਉਹਨਾਂ ਨੂੰ ਵੀ ਜੋ ਲੋਕ ਉਸਦੇ ਬਾਅਦ ਦੁਨੀਆ ਦੇ ਅੰਤ ਵਿੱਚ ਆਣਗੇ। ਇੱਕ ਸੀਮਿਤ ਸਥਾਨ ਅਤੇ ਸਮਾਂ ਵਲੋਂ ਬੱਧੇ ਹੋਏ ਵਿਅਕਤੀ ਕੇ ਮੂੰਹ ਵਲੋਂ ਨਿਕਲੇ ਇਹ ਸ਼ਬਦ ਕੋਈ ਮਤਲੱਬ ਪ੍ਰਦਾਨ ਨਹੀਂ ਕਰਦੇ ਹਨ, ਲੇਕਿਨ ਪਰਮੇਸ਼ਰ ਅਤੇ ਸਰਵਵਿਆਪੀ ਦੇ ਮੂੰਹ ਵਲੋਂ ਠੀਕ ਮਤਲੱਬ ਜ਼ਾਹਰ ਕਰਦੇ ਹਨ।

ਤੀਜਾ, ਯਿਸੂ **ਸਰਬਗਿਆਤਾ** ਹੈ। ਪ੍ਰੇਰਿਤ ਪਤਰਸ ਯਿਸੂ ਮਸੀਹ ਦਾ ਤਿੰਨ ਵਾਰ ਮਨਾਹੀ ਕਰਦਾ ਹੈ। ਹੁਣ, ਫਿਰ ਜੀ ਉੱਠਣ ਦੇ ਬਾਅਦ ਯਿਸੂ ਗਲੀਲ ਦੇ ਕੰਡੇ ਉੱਤੇ ਪਤਰਸ ਵਲੋਂ ਮਿਲਦਾ ਹੈ ਅਤੇ ਉਸ ਵਲੋਂ ਸਵਾਲ

ਕਰਦਾ ਹੈ, ਸ਼ਿਮੋਨ, ਯਹੂੰਨਾ ਦੇ ਪੁੱਤਰ, ਕੀ ਤੂੰ ਮੈਨੂੰ ਪਿਆਰ ਕਰਦਾ ਹੈ? ਪਤਰਸ ਵਲੋਂ ਤਿੰਨ ਵਾਰ ਇਹ ਸਵਾਲ ਪੁੱਛਿਆ ਗਿਆ, ਅਤੇ ਉਹ ਇਸ ਸ਼ਬਦਾਂ ਦੇ ਨਾਲ ਜਵਾਬ ਦਿੰਦਾ ਹੈ:

**ਯੂਹੰਨਾ ੨੧:੧੭** "ਉਸਨੇ ਉਸ ਵਲੋਂ ਤੀਜੀ ਵਾਰ ਕਿਹਾ, "ਸ਼ਮੌਨ, ਯਹੂੰਨਾ ਦੇ ਪੁੱਤਰ, ਕੀ ਤੂੰ ਮੇਰੇ ਵਲੋਂ ਪ੍ਰੀਤੀ ਕਰਦਾ ਹੈ? ਪਤਰਸ ਉਦਾਸ ਹੋਇਆ ਕਿਉਂਕਿ ਉਸਨੇ ਉਸ ਵਲੋਂ ਤੀਜੀ ਵਾਰ ਅਜਿਹਾ ਕਿਹਾ, ਕੀ ਤੂੰ ਮੇਰੇ ਵਲੋਂ ਪ੍ਰੀਤੀ ਕਰਦਾ ਹੈ? ਅਤੇ ਉਸ ਵਲੋਂ ਕਿਹਾ, "ਹੇ ਪ੍ਰਭੂ, ਤੂੰ ਸਭ ਕੁੱਝ ਜਾਣਦਾ ਹੈ, ਤੂੰ ਇਹ ਵੀ ਜਾਣਦਾ ਹੈ ਕਿ ਮੈਂ ਤੇਰੇ ਨਾਲ ਪ੍ਰੀਤੀ ਕਰਦਾ ਹਾਂ। ਯੀਸ਼ੁ ਨੇ ਉਸ ਵਲੋਂ ਕਿਹਾ, "ਤੂੰ ਮੇਰੀ ਭੇਡਾਂ ਨੂੰ ਚਰਿਆ।"

ਇੱਥੇ ਪਤਰਸ ਪਰਮੇਸ਼ਰ ਦੀ ਸਰਬਗਿਆਤਾ ਉੱਤੇ ਇੱਕ ਬੇਨਤੀ ਕਰਦਾ ਹੈ, ਜੋ ਮਨੁੱਖਾਂ ਦੇ ਦਿੱਲ ਨੂੰ ਜਾਣਦਾ ਹੈ। ਪਤਰਸ ਕਹਿੰਦਾ ਹੈ, "ਪ੍ਰਭੂ ਤੈਨੂੰ ਤਾਂ ਸਭ ਕੁੱਝ ਪਤਾ ਹੈ"। ਤੇਰੇ ਨਾਲ ਕੁੱਝ ਵੀ ਲੁੱਕਾ ਨਹੀਂ ਹੈ, ਕਿਉਂਕਿ ਤੁਸੀ ਪਰਮੇਸ਼ਰ ਹੋ।

ਸਾਡੇ ਪ੍ਰਭੂ ਨੇ ਪ੍ਰਚਾਰ ਕੀਤਾ ਅਤੇ ਕੁੱਝ ਲੋਕਾਂ ਨੇ ਉਸਦੇ ਸੁਨੇਹਾ ਉੱਤੇ ਵਿਸ਼ਵਾਸ ਕੀਤਾ ਅਤੇ ਆਪਣੇ ਚੇਲੀਆਂ ਦੇ ਨਾਲ ਇਕੱਠੇ ਹੋਕੇ ਉਸਨੇ ਇਹ ਅਰਦਾਸ ਕੀਤੀ:

**ਮੱਤੀ ੧੧:੨੫-੩੦** "ਉਸੀ ਸਮਾਂ ਯੀਸ਼ੁ ਨੇ ਕਿਹਾ, "ਹੇ ਪਿਤਾ, ਸਵਰਗ ਅਤੇ ਧਰਤੀ ਦੇ ਪ੍ਰਭੂ, ਮੈਂ ਤੁਹਾਡੀ ਵਡਿਆਈ ਕਰਦਾ ਹਾਂ, ਕਿ ਤੂੰ ਨੇ ਇਹ ਗੱਲਾਂ ਗਿਆਨੀਆਂ ਅਤੇ ਅਕਲਮੰਦਾਂ ਵਲੋਂ ਲੁੱਕਾਕੇ ਰਖੀਆਂ ਅਤੇ ਬੱਚੀਆਂ ਉੱਤੇ ਜ਼ਾਹਰ ਕੀਤੀਆਂ ਹਾਂ। ਹਾਂ, ਪਿਤਾ, ਕਿਉਂਕਿ ਤੈਨੂੰ ਇਹੀ ਅੱਛਾ ਲਗਾ। ਮੇਰੇ ਪਿਤਾ ਦੇ ਦੁਆਰਾ ਮੈਨੂੰ ਸਭ ਕੁੱਝ ਦੀਤਾ ਗਿਆ ਹੈ। ਪਿਤਾ ਦੇ ਸਿਵਾਏ ਪੁੱਤਰ ਨੂੰ ਕੋਈ ਨਹੀਂ ਜਾਣਦਾ, ਨਾਹੀਂ ਪੁੱਤਰ ਦੇ ਸਿਵਾਏ ਪਿਤਾ ਨੂੰ ਕੋਈ ਜਾਣਦਾ ਹੈ, ਜਾਂ ਉਹੀ ਜਿਸ ਉੱਤੇ ਪੁੱਤ ਉਸਨੂੰ ਜ਼ਾਹਰ ਕਰਣਾ ਚਾਹੁੰਦਾ ਹੈ। ਹੇ ਸਭ ਥਕੇ ਅਤੇ ਬੋਝ ਵਲੋਂ ਦਬੇ ਲੋਕੋ, ਮੇਰੇ ਕੋਲ ਆਓ: ਮੈਂ ਤੈਨੂੰ ਅਰਾਮ ਦੇਵਾਂਗਾ। ਮੇਰਾ ਜੁਆ ਆਪਣੇ ਉੱਤੇ ਉਠਾ ਲਓ ਅਤੇ ਮੇਰੇ ਵਲੋਂ ਸੀਖਾਂ, ਕਿਉਂਕਿ ਮੈਂ ਨਮ੍ਰ ਅਤੇ ਮਨ ਵਿੱਚ ਦੀਨ ਹਾਂ, ਅਤੇ ਤੂੰ

ਆਪਣੇ ਮਨ ਵਿੱਚ ਅਰਾਮ ਪਾਓਗੇ। ਕਿਉਂਕਿ ਮੇਰਾ ਜੁਆ ਸਹਿਜ ਅਤੇ ਮੇਰਾ ਬੋਝ ਹਲਕਾ ਹੈ।

ਯਿਸੂ ਜੇਕਰ ਇੱਕ ਸਿਰਫ ਆਦਮੀ ਹੁੰਦਾ ਤਾਂ ਉਸਦੇ ਬਾਰੇ ਵਿੱਚ ਪਦ 27 ਸੱਚ ਨਹੀਂ ਹੋ ਸਕਦਾ ਹੈ। ਨਿਸ਼ਿਚਤ ਰੂਪ ਵਲੋਂ ਦੂੱਜੇ ਉਸਨੂੰ ਜਾਨ ਸੱਕਦੇ ਹਨ। ਹਾਲਾਂਕਿ ਯਿਸੂ ਪਰਮੇਸ਼ਰ ਹੈ ਅਤੇ ਉਸਨੂੰ ਪੂਰੀ ਰੀਤੀ ਵਲੋਂ ਸੱਮਝਣ ਵਾਲਾ, ਇੱਕ ਪਰਮੇਸ਼ਰ ਹੀ ਹੈ। ਕੇਵਲ ਪਿਤਾ, ਪੁੱਤਰ ਯਿਸੂ ਨੂੰ ਜਾਣਦਾ ਹੈ, ਜਦੋਂ ਕਿ ਉਹ ਦੋਵੇਂ ਗਿਆਨ ਵਿੱਚ ਅਨੰਤ ਹੈ, ਉਦੋਂ ਉਹ ਦੋਨਾਂ ਹੀ ਇੱਕ ਦੂੱਜੇ ਨੂੰ
ਸੱਮਝ ਸੱਕਦੇ ਹੈ।

ਚੌਥਾ, ਯਿਸੂ **ਸਰਵਸ਼ਕਤੀਮਾਣ** ਹੈ। ਯਿਸੂ ਨੂੰ ਸਰਵਸਾਮਰਥੀ ਦੇ ਰੂਪ ਵਿੱਚ ਨਿੱਚੇ ਲਿਖੇ ਆਇਤਾਂ ਵਿੱਚ ਵੇਖਿਆ ਜਾ ਸਕਦਾ ਹੈ:

**ਯਸ਼ਾਯਾਹ ੯:੬** “ਸਾਡੇ ਲਈ ਇਕ ਬਾਲਕ ਪੈਦਾ ਹੋਇਆ, ਇਕ ਪੁੱਤਰ ਸਾਨੂੰ ਦਿੱਤਾ ਗਿਆ ਹੈ, ਜੋ ਸਾਡੇ ਉਤੇ ਰਾਜ ਕਰੇਗਾ, ਉਸ ਦਾ ਨਾਂ ਇਸ ਤਰ੍ਹਾਂ ਲਿਆ ਜਾਵੇਗਾ “ਅਦਭੁੱਤ
ਸਲਾਹਕਾਰ”, “ਅਨੰਤ ਪਿਤਾ” “ਸ਼ਾਂਤੀ ਦਾ ਰਾਜ ਕੁੰਮਾਰ।”

**ਫਿਲਿਪੀਆਂ ੩:੨੧** “ਉਹ ਹੀ ਨਾਸ਼ਵਾਨ ਸਰੀਰਾਂ ਨੂੰ ਆਪਣੀ ਉਸ ਮੁਕਤੀ ਦੇ ਨਾਲ ਜਿਸ ਨਾਲ ਉਹ ਸਭ ਚੀਜ਼ਾਂ ਨੂੰ ਆਪਣੀ ਉਦੇਸ਼ ਪੂਰਤੀ ਲਈ, ਆਪਣੇ ਅਧੀਨ ਰੱਖਦਾ ਹੈ; ਆਪਣੇ
ਤੇਜਵਾਨ ਸਰੀਰ ਦੀ ਤਰ੍ਹਾਂ ਬਦਲ ਦੇਵੇਗਾ।”

**ਪ੍ਰਕਾਸ਼ ਦੀ ਪੋਥੀ ੧:੮** “ਮੈਂ ਜ਼ਿੰਦਾ ਹਾਂ, ਪਰ ਮਰ ਗਿਆ ਸਾਂ, ਪਰ ਹੁਣ ਫਿਰ ਜ਼ਿੰਦਾ ਹਾਂ ਅਤੇ ਅੰਤ ਕਾਲ ਤਕ ਜੀਉਂਦਾ ਰਹਾਂਗਾ। ਮੇਰੇ ਕੋਲ ਮੌਤ ਅਤੇ ਜਮਲੋਕ ਦੀਆਂ ਕੁੰਜੀਆਂ ਹਨ।”

ਇਹ ਆਯਤ, ਸਪੱਸ਼ਟ ਰੂਪ ਤੋਂ ਯਿਸੂ ਮਸੀਹ ਉੱਤੇ ਲਾਗੂ ਹੋਣਦੀ ਹੈ, ਜੋ ਇਹ ਸਿਖਾਂਦਾ ਹੈ ਕਿ

ਉਹ ਆਪ ਹੀ “ਸਰਵਸ਼ਕਤੀਮਾਣ ਪਰਮੇਸ਼ਰ” ਹੈ, “ਆਪ ਹੀ ਸਭ ਗੱਲਾਂ ਨੂੰ ਵਸ ਵਿੱਚ ਕਰਣ ਲਈ ਸਮਰੱਥਾਵਾਨ” ਅਤੇ “ਸਰਵਸ਼ਕਤੀਮਾਣ” ਕਹਾਂਦਾ ਹੈ।

ਪੰਚਵੀਂ ਗੱਲ, ਯਿਸੂ **ਅਪਰਿਵਰਤਨੀਏ** ਹੈ। ਪਰਮੇਸ਼ਰ ਆਪਣੇ ਚਰਿੱਤਰ ਵਿੱਚ ਸਿਥਰ ਹੈ ਅਤੇ ਅਸੀ ਉਸ ਉੱਤੇ ਨਿਰਭਰ ਹੋ ਸੱਕਦੇ ਹਨ, ਕਿਉਂਕਿ ਉਹ ਪ੍ਰਾਣੀਆਂ ਦੇ ਵਿਪਰੀਤ ਹੈ ਜੋ ਹਮੇਸ਼ਾ ਬਦਲਦੇ ਰਹਿੰਦੇ ਹਨ। ਸਾਨੂੰ ਨਵੀ ਜਾਣਕਾਰੀ ਹੋਣ ਵਲੋਂ ਆਪਣੇ ਮਨ ਨੂੰ ਬਦਲ ਸੱਕਦੇ ਹਾਂ, ਅਸੀ ਸੰਸਾਧਨਾਂ ਅਤੇ ਬਿਜਲੀ ਦੀ ਕਮੀ ਲਈ ਆਪਣੇ ਤਰੀਕਾਂ ਨੂੰ ਬਦਲ ਸੱਕਦੇ ਹਨ, ਲੇਕਿਨ ਇਹ ਗੱਲਾਂ ਪਰਮੇਸ਼ਰ ਲਈ ਕਦੇ ਸੱਚ ਨਹੀਂ ਰਹੀ ਹੈ। ਹੇਠਾਂ ਦੇ ਦੋ ਆਇਤਾਂ ਦੱਸਦੀਆਂ ਹਾਂ ਕਿ ਯੀਸ਼ੂ ਨੂੰ ਇਹ ਸਿੱਧਤਾ ਦਿੱਤੀ ਗਈ ਹੈ, ਜੋ ਕੇਵਲ ਪਰਮੇਸ਼ਰ ਲਈ ਸੱਚ ਹੈ।

**ਇਬਰਾਨੀਆਂ ੧:੧੦-੧੨** “ਉਹ ਫਿਰ ਕਹਿੰਦਾ ਹੈ: “ਹੇ ਪ੍ਰਭੂ ਸ਼ੁਰੂ ਤੋਂ ਹੀ ਧਰਤੀ ਦੀ ਨੀਂਹ ਤੂੰ ਹੀ ਰੱਖੀ ਹੈ, ਤੇਰੇ ਹੀ ਹੱਥਾਂ ਦੁਆਰਾ ਅਕਾਸ਼ ਦੀ ਰਚਨਾ ਹੋਈ ਹੈ। ਉਹ ਖਤਮ ਹੋ ਜਾਣਗੇ, ਪਰ ਤੂੰ ਅਟਲ ਰਹੇਗਾ, ਉਹ ਕਪੜੇ ਦੀ ਤਰ੍ਹਾਂ ਪੁਰਾਣੇ ਹੋ ਜਾਣਗੇ। ਤੂੰ ਉਹਨਾਂ ਨੂੰ ਵਿਛਾਉਣੇ ਦੀ ਤਰ੍ਹਾਂ ਇਕੱਠੇ ਕਰ ਦੇਵੇਂਗਾ, ਉਹ ਕਪੜੇ ਦੀ ਤਰ੍ਹਾਂ ਬਲਦ ਜਾਣਗੇ, ਪਰ ਤੂੰ ਹਮੇਸ਼ਾ ਇਕੋ ਜਿਹਾ ਰਹੇਗਾ, ਤੂੰ ਕਦੀ ਨਹੀਂ ਮਰੇਗਾ।”

ਇੱਥੇ ਇਬਰਾਨੀਆਂ ਦਾ ਲੇਖਕ ਸਵਰਗਦੂਤੋਂ ਵਲੋਂ ਜਿਆਦਾ ਪੁੱਤ ਦੀ ਸਰੇਸ਼ਟਤਾ ਸਾਬਤ ਕਰ ਰਿਹਾ ਹੈ ਅਤੇ ਉਹ ਇਸਨੂੰ ਉਸਦੇ ਅਪਰਿਵਰਤਨੀਏ ਮਿਆਦ ਲਈ ਚਰਚਾ ਕਰਦੇ ਹੋਏ ਕਹਿੰਦਾ ਹੈ । ਹੇਠਾਂ ਦਿੱਤੇ ਗਏ ਪਦ ਵਿੱਚ ਇਹੀ ਸੱਚ ਹੈ ਜਿਸਦੇ ਸਪਸ਼ਟੀਕਰਨ ਦੀ ਕੋਰਇ
ਲੋੜ ਨਹੀਂ ਹੈ ।

**ਇਬਰਾਨੀਆਂ ੧੩:੮** “ਯਿਸੂ ਮਸੀਹ ਕੱਲ, ਅੱਜ ਅਤੇ ਹਮੇਸ਼ਾ ਇਕੋ ਹੀ ਜਿਹਾ ਹੈ।”

# 3

# ਉਸਦੇ ਕੰਮਾ ਦੇ ਪ੍ਰਦਰਸ਼ਨ ਵਲੋਂ ਯਿਸੂ ਨੂੰ ਪਰਮੇਸ਼ਰ ਦੇ ਸਵਰੂਪ ਵਿੱਚ ਵੇਖਿਆ ਜਾ ਸਕਦਾ ਹੈ

ਸਭਤੋਂ ਪਹਿਲਾਂ, ਯਿਸੂ ਸਾਰੇ ਚੀਜ਼ਾਂ ਦੇ **ਨਿਰਮਾਤਾ** ਦੇ ਰੂਪ ਵਿੱਚ ਵਰਣਿਤ ਹੈ। ਅਸੀ ਉਤਪੱਤੀ ਦੇ 1:1 ਵਿੱਚ ਪੜ ਸੱਕਦੇ ਹਾਂ, ਕਿ "ਆਦਿ ਵਿੱਚ ਪਰਮੇਸ਼ਰ ਨੇ ਅਕਾਸ਼ ਅਤੇ ਧਰਤੀ ਦੀ ਸ੍ਰਿਸ਼ਟਿ ਕੀਤੀ"। ਜਦੋਂ ਅਸੀ ਯਹੂੰਨਾ ਦੇ ਸੁਸਮਾਚਾਰ ਨੂੰ ਪੜ੍ਹਦੇ ਹਾਂ ਤਾਂ ਅਸੀ ਸਾਡੇ ਪ੍ਰਭੂ ਦੇ ਇਸ ਸ਼ਬਦਾਂ ਨੂੰ ਪੜ ਸੱਕਦੇ ਹਾਂ:

**ਯਹੂੰਨਾ ੧:੧-੩** "ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਉਹ ਸ਼ਬਦ ਪਰਮੇਸ਼ਰ ਦੇ ਨਾਲ ਸੀ, ਜੋ ਪਰਮੇਸ਼ਰ ਸੀ, ਉਹ ਹੀ ਸ਼ਬਦ ਸੀ। 2 ਉਹ ਸ਼ੁਰੂ ਤੋਂ ਹੀ ਪਰਮੇਸ਼ਰ ਦੇ ਨਾਲ ਸੀ। 3 ਸਭ ਚੀਜ਼ਾਂ ਦੀ ਰਚਨਾ ਪਰਮੇਸ਼ਰ ਨੇ ਉਸ ਦੇ ਰਾਹੀਂ ਕੀਤੀ। ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਉਸ ਦੇ ਬਿਨਾਂ ਨਾ ਰਚੀ ਗਈ।"

ਯਿਸੂ ਮਸੀਹ ਸਾਰੀ ਚੀਜ਼ਾਂ ਦਾ **ਬਨਾਉਣ ਵਾਲਾ** ਹੈ। ਇਹ ਕੇਵਲ ਯਹੂੰਨਾ ਦੀ ਹੀ ਗਵਾਹੀ ਨਹੀ ਹੈ ਬਲਕੀ ਪ੍ਰੇਰਿਤ ਪੌਲੁਸ ਵੀ ਇਸ ਗੱਲ ਦਾ ਵਰਣਨ ਇਸ ਪ੍ਰਕਾਰ ਕਰਦਾ ਹੈ:

**ਕੁਲੁਸੀਆਂ ੧:੧੬,੧੭** "ਉਸੇ ਦੇ ਰਾਹੀਂ ਹੀ ਪਰਮੇਸ਼ਰ ਨੇ ਅਕਾਸ਼ ਅਤੇ ਧਰਤੀ ਉਤਲੀਆਂ ਸਭ ਦੇਖੀਆਂ ਅਤੇ ਅਨਦੇਖੀਆਂ ਚੀਜ਼ਾਂ ਦੀ ਰਚਨਾ ਕੀਤੀ ਸੀ। ਗੱਲ ਕੀ ਸਭ ਸਿੰਘਾਸਣ, ਪਾਤਸ਼ਾਹੀਆਂ, ਰਾਜੇ-ਮਹਾਰਾਜੇ ਅਤੇ ਸ਼ਕਤੀਆਂ - ਸਭ ਕੁਝ ਉਸੇ ਦੇ ਦੁਆਰਾ ਅਤੇ ਉਸ ਲਈ ਪਰਮੇਸ਼ਰ

ਨੇ ਪੈਦਾ ਕੀਤੇ ਸਨ। 17 ਉਹ ਸਭ ਚੀਜ਼ਾਂ ਤੋਂ ਪਹਿਲਾਂ ਵਿੱਦਮਾਨ ਸੀ ਅਤੇ ਸਭ ਸ੍ਰਿਸ਼ਟੀ ਦੀ ਏਕਤਾ ਉਸੇ ਵਿਚ ਹੈ।"

ਉਪਰ ਕਹੀ ਹੁਇ ਗੱਲ ਵਲੋਂ ਇਸ ਉੱਤੇ ਪ੍ਰਕਾਸ਼ ਪਾਉਣਾ ਅਸੰਭਵ ਹੈ, ਕਿ ਯਿਸੂ ਪਹਿਲਾ ਬਣਾਇਆ ਹੋਇਆ ਇਕ ਪ੍ਰਾਣੀ ਹੈ, ਕਿਉਂਕਿ ਪੌਲੁਸ ਇਹ ਸਪੱਸ਼ਟ ਕਰਦਾ ਹੈ ਕਿ ਯੀਸ਼ੁ ਨੇ ਸਭ ਕੁੱਝ ਬਣਾਇਆ ਹੈ ਅਤੇ ਉਹ ਸਾਰੀ ਸਿਰਸ਼ਟੀ ਤੋਂ ਪਹਿਲਾਂ ਸੀ। ਯਹੋਵਾ ਵਿਟਨਸ ਉਸਨੂੰ ਇੱਕ ਮਾਤਰ ਪ੍ਰਾਣੀ ਕਹਿਣ ਲਈ ਦੋਸ਼ੀ ਹਨ। ਹਾਲਾਂਕਿ ਉਸਨੇ ਉਸਾਰੀ ਦੇ ਕੰਮ ਨੂੰ ਅੱਗੇ ਵਧਾਇਆ, ਜਿਸਦਾ ਉਚਿਤ ਪੁੰਨ ਕੇਵਲ ਪਰਮੇਸ਼ਰ ਨੂੰ ਦੇਣਾ ਹੋਵੇਗਾ ।

ਦੂਜਾ, ਯਿਸੂ ਸਾਰੇ ਚੀਜ਼ਾਂ ਦਾ **ਰਖਿਅਕ** ਹੈ। ਯਹੋਵਾ ਦੁਆਰਾ ਸਾਰੇ ਚੀਜ਼ਾਂ ਦੀ ਹਿਫਾਜ਼ਤ ਕਰਣਾ ਵਚਿੱਤਰ ਹੈ, ਜੇਵੇਂ ਅਸੀ ਜਬੂਰ 36:6 ਵਿੱਚ ਪੜ੍ਹਦੇ ਹਨ। "ਹੇ ਯਹੋਵਾ , ਤੂੰ ਮਨੁੱਖ ਅਤੇ ਪਸ਼ੁ ਦੋਨਾਂ ਦੀ ਰੱਖਿਆ ਕਰਦਾ ਹੈ।" ਹੁਣੇ ਤੱਕ ਪੌਲੁਸ ਅਤੇ ਇਬਰਾਨੀਆਂ ਦੇ ਲੇਖਕ ਦੋਨਾਂ ਯਿਸੂ ਮਸੀਹ ਨੂੰ ਉਸੀ ਕੰਮ ਦਾ ਪੁੰਨ ਦਿੰਦੇ ਹਾਂ:

**ਕੁਲੁਸੀਆਂ ੧:੧੭** "ਉਹ ਸਭ ਚੀਜ਼ਾਂ ਤੋਂ ਪਹਿਲਾਂ ਵਿੱਦਮਾਨ ਸੀ ਅਤੇ ਸਭ ਸ੍ਰਿਸ਼ਟੀ ਦੀ ਏਕਤਾ ਉਸੇ ਵਿਚ ਹੈ।"

**ਇਬਰਾਨੀਆਂ ੧:੩** "ਉਹ ਪਰਮੇਸ਼ਰ ਦੀ ਮਹਿਮਾ ਦਾ ਤੇਜ ਅਤੇ ਉਸ ਦੇ ਪਰਮ ਤਤ ਦਾ ਪ੍ਰਗਟਾਵਾ ਹੈ। ਉਹ ਹੀ ਆਪਣੇ ਸ਼ਕਤੀਸ਼ਾਲੀ ਸ਼ਬਦਾਂ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਸੰਭਾਲਦਾ ਹੈ। ਉਸ ਨੇ ਜਦੋਂ ਮਨੁੱਖੀ ਪਾਪਾਂ ਦੀ ਮੁਕਤੀ ਦਾ ਕੰਮ ਖ਼ਤਮ ਕਰ ਲਿਆ, ਤਾਂ ਉਹ ਫਿਰ ਪਰਮ ਪਰਧਾਨ ਦੇ ਸੱਜੇ ਹੱਥ ਜਾ ਬੈਠਾ ਹੈ।"

ਯਹੂੰਨਾ 5 ਵਿੱਚ ਯਿਸੂ ਨੇ ਸਬਤ ਦੇ ਦਿਨ ਇੱਕ ਲੰਗੜੇ ਆਦਮੀ ਨੂੰ ਚੰਗਾ ਕੀਤਾ ਸੀ ਅਤੇ ਯਹੂਦੀ ਉਸਦੀ ਆਲੋਚਨਾ ਕਰਦੇ ਹੋਏ ਉਹਨੂੰ ਮਾਰਨੇ ਲਈ ਖੋਜ ਰਹੇ ਸਨ।ਯਿਸੂ ਉਹਨਾਂ ਨੂੰ ਨਿੱਚੇ ਲਿਖਿਆ ਜਵਾਬ ਦਿੰਦਾ ਹੈ:

**ਯਹੂੰਨਾ ੫:੧੭-੧੯** ਯਿਸੂ ਨੇ ਯਹੂਦੀਆਂ ਨੂੰ ਕਿਹਾ, "ਮੇਰਾ ਪਿਤਾ ਇਸ ਸਮੇਂ ਤਕ ਕੰਮ ਕਰਦਾ ਆ ਰਿਹਾ ਹੈ, ਅਤੇ ਮੈਂ ਵੀ ਕਰ ਰਿਹਾ ਹਾਂ।"

ਇਹ ਸੁਣ ਕੇ ਯਹੂਦੀ ਹੋਰ ਵੀ ਜ਼ਿਆਦਾ ਯਿਸੂ ਨੂੰ ਮਾਰਨ ਦੀ ਕੋਸ਼ਿਸ਼ ਕਰਨ ਲਗੇ, ਕਿਉਂਕਿ ਉਹ ਕੇਵਲ ਸ਼ਬਤ ਦੀ ਉਲੰਘਣ ਹੀ ਨਹੀਂ ਕਰਦੇ ਸਨ, ਸਗੋਂ ਪਰਮੇਸ਼ਰ ਨੂੰ ਆਪਣਾ ਪਿਤਾ ਕਹਿ ਕੇ, ਆਪਣੇ ਆਪ ਨੂੰ ਪਰਮੇਸ਼ਰ ਦੇ ਬਰਾਬਰ ਵੀ ਬਣਾਉਣਾ ਚਾਹੁੰਦੇ ਸਨ। ਫਿਰ ਯਿਸੂ ਨੇ ਉਹਨਾਂ ਨੂੰ ਉੱਤਰ ਦਿੰਦੇ ਹੋਏ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ, ਪੁੱਤਰ ਆਪਣੇ ਆਪ ਕੁਝ ਨਹੀਂ ਕਰ ਸਕਦਾ, ਉਹ ਕੇਵਲ ਉਹ ਹੀ ਕਰਦਾ ਹੈ, ਜੋ ਪਿਤਾ ਨੂੰ ਕਰਦੇ ਦੇਖਦਾ ਹੈ, ਜਿਸ ਤਰ੍ਹਾਂ ਪਿਤਾ ਕਰਦਾ ਹੈ, ਠੀਕ ਉਸੇ ਤਰ੍ਹਾਂ ਪੁੱਤਰ ਵੀ ਕਰਦਾ ਹੈ।

ਵੇਖੋ, ਕਿ ਯਿਸੂ ਚੰਗਾਈ ਦੇ ਕੰਮ ਨੂੰ ਤਰਸ ਦਾ ਇੱਕ ਕੰਮ ਕਹਿਕੇ ਆਪਣੇ ਕੰਮਾਂ ਨੂੰ ਉਚਿਤ ਠਹਰਾਉਣ ਦੀ ਕੋਸ਼ਿਸ਼ ਨਹੀ ਕਰ ਰਹੇ ਹਨ। ਜੋ ਵਾਸਤਵ ਵਿੱਚ ਇੱਕ ਤਰਸ ਦਾ ਕੰਮ ਸੀ ਅਤੇ ਇਸਲਈ ਸਬਤ ਦੇ ਦਿਨ ਵੀ ਉਸਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਉਹ ਪਰਮੇਸ਼ਰ ਦੇ ਉਦਾਹਰਣ ਲਈ ਇੱਕ ਬੇਨਤੀ ਕਰਦਾ ਹੈ, ਜੋ ਵਰਤਮਾਨ ਵਿੱਚ ਵੀ ਆਪਣੇ ਵਿਧਾਨ ਦਾ ਸੰਚਾਲਨ ਕਰ ਰਿਹਾ ਹੈ। ਜੇਕਰ ਉਹ ਆਪ ਪਰਮੇਸ਼ਰ ਨਹੀਂ ਹੁੰਦਾ ਤਾਂ ਉਹ ਅਜਿਹਾ ਬੇਨਤੀ ਨਹੀਂ ਕਰ ਸਕਦਾ ਹੈ। ਵਾਸਤਵ ਵਿੱਚ ਯਹੂਦੀਆਂ ਲਈ ਆਯਤ 18 ਵਲੋਂ ਇਸ ਸਿੱਟਾ ਨੂੰ ਕੱਢਣਾ ਔਖਾ ਹੈ, ਕਿਉਂਕਿ ਉਹ ਕਹਿੰਦੇ ਹੈ ਕਿ ਯਿਸੂ ਨੇ ਆਪਣੇ ਆਪ ਨੂੰ "ਪਰਮੇਸ਼ਰ ਦੇ ਬਰਾਬਰ" ਬਣਾ ਲਿਆ ਹੈ। ਯਿਸੂ ਵਿਧਾਨ ਅਤੇ ਹਿਫਾਜ਼ਤ ਦਾ ਪਰਮੇਸ਼ਰ ਹੈ।

ਤੀਜਾ, ਯਿਸੂ ਜੇਹੜ੍ਹਾ **ਪਾਪ ਨੂੰ ਮਾਫ** ਕਰਦਾ ਹੈ। ਪਾਪ ਅੰਤ ਵੇਲੇ: ਪਰਮੇਸ਼ਰ ਦੇ ਖਿਲਾਫ ਪ੍ਰਤਿਬੰਧ ਹੈ, ਜਿਵੇਂ ਦਾਊਦ ਬਤਸ਼ੇਬਾ ਦੇ ਨਾਲ ਆਪਣੇ ਪਾਪ ਨੂੰ ਕਰਣ ਦੇ ਬਾਅਦ ਭਜਨ 51:3,4 ਵਿੱਚ ਕਹਿੰਦਾ ਹੈ। ਉੱਥੇ ਅਸੀ ਇਸ ਸ਼ਬਦਾਂ ਨੂੰ ਪੜ੍ਹ ਸੱਕਦੇ ਹਾਂ:

**ਭਜਨ ੫੧:੩,੪** "ਮੈਂ ਆਪਣਾ ਅਪਰਾਧ ਨੂੰ ਮੰਨਦਾ ਹਾਂ, ਅਤੇ ਮੇਰੇ ਪਾਪ ਹਮੇਸ਼ਾ ਮੇਰੇ ਸਾਹਮਣੇ ਰਹਿੰਦੇ ਹਨ। ਮੈਂ ਕੇਵਲ ਤੇਰੇ ਵਿਰੂਧ ਪਾਪ ਕੀਤਾ ਹੈ, ਜੋ ਤੇਰੀ ਨਜਰ ਵਿਚ ਬੁਰਾ ਹੈ; ਇਸ ਲਈ ਤੇਰਾ ਫ਼ੈਸਲਾ ਸੱਚਾ ਹੈ ਕਿਉਂਕਿ ਮੈਂ ਸੱਚ ਮੁੱਚ ਪਾਪੀ ਹਾਂ।"

ਤੱਦ ਦਾਊਦ ਨੇ ਪਰਮੇਸ਼ਰ ਵਲੋਂ ਤਰਸ ਮੰਗੀ ਕਿ ਉਹ ਉਸਨੂੰ ਮਾਫ ਕਰ ਦੇ ਅਤੇ ਉਸਨੂੰ ਉਸਦੇ ਪਾਪ ਵਲੋਂ ਸ਼ੁੱਧ ਕਰ ਦੇ। ਨਵੇਂ ਨਿਯਮ ਵਿੱਚ ਯਿਸੂ ਨੇ ਵਾਰ-ਵਾਰ ਆਦਮੀ ਅਤੇ ਔਰਤਾਂ ਨੂੰ ਉਹਨਾਂ ਦੇ ਪਾਪਾਂ ਵਲੋਂ ਮਾਫੀ ਪ੍ਰਦਾਨ ਕੀਤੀ ਹੈ। ਅਸੀ ਇੱਕ ਘਟਨਾ ਨੂੰ ਵੇਖਦੇ ਹਾਂ ਜੋ ਸਾਨੂੰ ਮਰਕੁਸ 2:1-12 ਵਿੱਚ ਮਿਲਦੀ ਹੈ।

**ਮਰਕੁਸ ੨:੧-੧੨** "ਕਈ ਦਿਨਾਂ ਦੇ ਬਾਦ ਜਦੋਂ ਉਹ ਫਿਰ ਕਫਰਨਹੂਮ ਨੂੰ ਲੌਟੀਆ ਤਾਂ ਸੁਣਿਆ ਗਿਆ ਕਿ ਉਹ ਘਰ ਵਿੱਚ ਹੈ। ਅਤੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ, ਇੱਥੇ ਤੱਕ ਕਿ ਦਵਾਰ ਦੇ ਕੋਲ ਵੀ ਜਗ੍ਹਾ ਨਹੀਂ ਸੀ, ਅਤੇ ਉਹ ਉਹਨਾਂ ਨੂੰ ਵਚਨ ਸੁਣਿਆ ਰਿਹਾ ਸੀ। ਅਤੇ ਲੋਕ ਲਕਵੇ ਦੇ ਇੱਕ ਰੋਗੀ ਨੂੰ ਚਾਰ ਮਨੁੱਖਾਂ ਦੁਆਰਾ ਉਠਵਾ ਕਰ ਉਸਦੇ ਕੋਲ ਲਿਆਏ। ਉੱਤੇ ਜਦੋਂ ਭੀੜ ਦੇ ਕਾਰਨ ਉਸਦੇ ਕੋਲ ਤੱਕ ਨਹੀਂ ਪਹੁੰਚ ਸਕੇ, ਤਾਂ ਉਹ ਉਸ ਛੱਤ ਨੂੰ ਜਿੱਥੇ ਉਹ ਸੀ ਹੱਟਣ ਲੱਗੇ ਅਤੇ ਜਦੋਂ ਉਹਨਾਂ ਨੇ ਪੁੱਟ ਕੇ ਜਗ੍ਹਾ ਬਣਾ ਲਈ, ਤਾਂ ਉਸ ਮੰਜਾ ਨੂੰ ਜਿਸ ਉੱਤੇ ਲਕਵੇ ਦਾ ਰੋਗੀ ਪਿਆ ਸੀ, ਹੇਠਾਂ ਉਤਾਰ ਦਿੱਤਾ। ਅਤੇ ਯੀਸ਼ੁ ਨੇ ਉਹਨਾਂ ਦੇ ਵਿਸ਼ਵਾਸ ਨੂੰ ਵੇਖ ਕਰ ਲਕਵੇ ਦੇ ਉਸ ਰੋਗੀ ਵਲੋਂ ਕਿਹਾ, ਹੇ ਪੁੱਤਰ, ਤੁਹਾਡੇ ਪਾਪ ਮਾਫੀ ਹੋਏ। ਉੱਥੇ ਉੱਤੇ ਕੁਛ ਸ਼ਾਸਤਰੀ ਬੈਠੇ ਹੋਏ ਆਪਣੇ ਆਪਣੇ ਮਨ ਵਿੱਚ ਦਲੀਲ਼-ਵਿਤਰਕ ਕਰ ਰਹੇ ਸਨ, ਇਹ ਮਨੁੱਖ ਅਜਿਹਾ ਕਿਉਂ ਬੋਲਦਾ ਹੈ? ਇਹ ਤਾਂ ਪਰਮੇਸ਼ਰ ਦੀ ਨਿੰਦਿਆ ਕਰਦਾ ਹੈ ਪਰਮੇਸ਼ਰ ਦੇ ਸਿਵਾਏ ਅਤੇ ਕੌਣ ਪਾਪ ਮਾਫ ਕਰ ਸਕਦਾ ਹੈ? ਯੀਸ਼ੁ ਨੇ ਤੁਰੰਤ ਆਪਣੇ ਆਤਮਾ ਵਿੱਚ ਇਹ ਜਾਨਕੇ ਕਿ ਉਹ ਆਪਣੇ ਮਨ ਵਿੱਚ ਇਸ ਤਰ੍ਹਾਂ ਦਲੀਲ਼-ਵਿਤਰਕ ਕਰ ਰਹੇ ਹੈ, ਉਹਨਾਂ ਨੂੰ ਕਿਹਾ, ਤੂੰ ਕਿਉਂ ਆਪਣੇ ਆਪਣੇ ਮਨ ਵਿੱਚ ਇਸ ਗੱਲਾਂ ਦੇ ਵਿਸ਼ਾ ਦਲੀਲ਼ ਕਰ ਰਹੇ ਹੋ? ਸਹਿਜ ਕੀ ਹੈ, ਇਸ ਲਕਵੇ ਦੇ ਰੋਗੀ ਵਲੋਂ ਇਹ ਕਹਿਣਾ, ਤੁਹਾਡੇ ਪਾਪ ਮਾਫੀ ਹੋਏ, ਜਾਂ ਇਹ, ਉਠ ਅਤੇ ਆਪਣੀ ਮੰਜਾ ਉਠਾ ਕਰ ਚੱਲ? ਪਰ ਇਸਲਈ ਕਿ ਤੂੰ ਜਾਨ ਲਵੋ ਕਿ ਮਨੁੱਖ ਦੇ ਪੁੱਤ ਨੂੰ ਇਸ ਧਰਤੀ ਉੱਤੇ ਪਾਪ ਮਾਫੀ ਕਰਣ ਦਾ ਅਧਿਕਾਰ ਹੈ, ਉਸਨੇ ਲਕਵੇ ਦੇ ਰੋਗੀ ਵਲੋਂ ਕਿਹਾ, ਮੈਂ ਤੇਰੇ ਨਾਲ ਕਹਿੰਦਾ ਹਾਂ, ਉਠ, ਆਪਣੀ ਮੰਜਾ ਉਠਾ ਅਤੇ ਘਰ ਜਾ। ਉਹ ਉਠਾ ਅਤੇ ਤੁਰੰਤ ਆਪਣੀ ਮੰਜਾ ਚੁੱਕਕੇ ਸਭ ਲੋਕਾਂ ਦੇ ਵੇਖਦੇ ਹੋਏ ਬਾਹਰ ਚਲਾ ਗਿਆ ਅਤੇ ਉਹ ਸਭ ਹੈਰਾਨ ਹੋਏ ਅਤੇ ਪਰਮੇਸ਼ਰ ਦੀ ਵਡਿਆਈ

ਕਰਦੇ ਹੋਏ ਕਹਿਣ ਲੱਗੇ, ਅਜਿਹਾ ਤਾਂ ਅਸੀਂ ਕਦੇ ਨਹੀਂ ਵੇਖਿਆ। ਇਸ ਆਇਤ ਵਿੱਚ ਅਸੀ ਵੇਖਦੇ ਹਨ ਕਿ ਇੱਕ ਬੀਮਾਰ ਆਦਮੀ ਲਕਵੇ (ਇੱਕ ਝੋਲੇ ਦੇ ਮਾਰੇ) ਦੇ ਉਪਚਾਰ ਲਈ ਯੀਸ਼ੁ ਦੇ ਕੋਲ ਲਿਆਇਆ ਜਾਂਦਾ ਹੈ। ਹੁਣ, ਇਹ ਮਹੱਤਵਪੂਰਣ ਹੈ ਕਿ ਯੀਸ਼ੁ ਨੇ ਤੁਰੰਤ ਆਦਮੀ ਠੀਕ ਨਹੀਂ ਕੀਤਾ ਬਲਿਕ ਉਸਨੇ ਉਸਦੇ ਪਾਪ ਮਾਫ ਕਰ ਦਿੱਤੇ। ਪਾਪ ਅੰਤ ਵੇਲੇ: ਮਨੁੱਖ ਦੀ ਸਮੱਸਿਆ ਹੈ ਅਤੇ ਯਿਸੂ ਸਭਤੋਂ ਪਹਿਲਾਂ ਇਸਦਾ ਉਪਚਾਰ ਕਰਦਾ ਹੈ।

ਧਰਮਸ਼ਾਸਤਰੀ ਯਿਸੂ ਉੱਤੇ ਇਲਜ਼ਾਮ ਲਗਾ ਕਰ ਨਿੰਦਿਆ ਕਰਦੇ ਹਨ, ਕਿਉਂਕਿ ਕੇਵਲ ਪਰਮੇਸ਼ਰ ਪਾਪਾਂ ਨੂੰ ਮਾਫ ਕਰ ਸਕਦਾ ਹੈ। ਜੇਕਰ ਯੀਸ਼ੁ ਸਿਰਫ ਇੱਕ ਆਦਮੀ ਹੁੰਦਾ ਤਾਂ ਉਹ ਲੋਕੀ ਦਾ ਕਹਨਾ ਠੀਕ ਹੋ ਸੱਕਦਾ ਸੀ, ਲੇਕਿਨ ਉਹ ਗਲਤ ਸਨ ਕਿਉਂਕਿ ਉਹ ਪਰਮੇਸ਼ਰ ਦਾ ਪੁੱਤਰ ਸੀ। ਵਾਸਤਵ ਵਿੱਚ ਇੱਕ ਸਿਰਫ ਆਦਮੀ ਦੁਆਰਾ ਮਾਫੀ ਦੇ ਅਜਿਹੇ ਸ਼ਬਦਾਂ ਨੂੰ ਬੋਲਣਾ ਸੰਭਵ ਹੈ ਜਿਨਹਾ ਦਾ ਕੋਈ ਮਤਲਬ ਹੀ ਨਾ ਹੋ। ਅਸਲਵਿਚ ਸ਼ਾਸਤਰੀ ਕਹਿ ਰਹੇ ਸਨ ਕਿ ਉਸਨੂੰ ਚੰਗਾ ਕਰਨੇ ਦੇ ਦੁਆਰਾ ਇਹ ਸਿੱਧ ਕਰ ਕਿ ਉਸਦੇ ਪਾਪ ਮਾਫ ਹੋ ਗਏ ਹਨ। ਉਹਨਾਂ ਦਾ ਆਪਣੇ ਦਿਲਾਂ ਵਿੱਚ ਸਿਰਫ ਵਾਕਿਆਂਸ਼ ਬੋਲਣਾ ਉਸਦੀ ਸੱਚਿਆਈ ਸਾਬਤ ਨਹੀਂ ਕਰਦਾ। ਯਿਸੂ ਇਸ ਕਾਮ ਨੂੰ ਦਿਖਾਉਂਦਾ ਹੈ ਤਾਂਕਿ ਲੋਕਾਂ ਨੂੰ ਪਤਾ ਚਲੇ ਕੀ ਉਹਨਾਂ ਦੇ ਪਾਪ ਮਾਫ ਹੋ ਚੁੱਕੇ ਹਾਂ। ਮਾਫ ਕਰਣ ਲਈ ਇਸ਼ਵਰੀਏ ਸ਼ਕਤੀ ਦੀ ਲੋੜ ਹੁੰਦੀ ਹੈ। ਚੰਗਾਈ ਦਾ ਪ੍ਰਦਰਸ਼ਨ ਮਨੁੱਖਾਂ ਦੁਆਰਾ ਕੀਤਾ ਜਾ ਸਕਦਾ ਹੈ ਜਿਵੇਂ ਕਿ ਪ੍ਰੇਰਿਤੋਂ ਨੇ ਕੀਤਾ। ਯਿਸੂ ਮਾਫੀ ਦੇ ਸ਼ਬਦਾਂ ਦੀ ਸੱਚਿਆਈ ਨੂੰ ਸਾਬਤ ਕਰਣ ਲਈ ਕੁੱਝ ਘੱਟ ਹੀ ਕਰਦਾ ਹੈ।

ਚੌਥਾ, ਯਿਸੂ **ਅੰਤਮ ਨਿਆਂ ਲਈ ਉੱਤਰਦਾਈ** ਹੈ। ਬਾਇਬਲ ਵਿੱਚ ਇਹ ਕਾਫ਼ੀ ਸਪੱਸ਼ਟ ਹੈ ਕਿ ਯਹੋਵਾ ਸਾਰੇ ਲੋਕਾਂ ਦਾ ਨੀਆਂ ਕਰਣ ਲਈ ਹੈ, ਕਿਉਂਕਿ ਯਹੋਵਾ ਸਾਡਾ ਨਿਆਈ, ਯਹੋਵਾ ਸਾਡਾ ਵਿਵਸਥਾ ਦੇਣਵਾਲਾ ਅਤੇ ਯਹੋਵਾ ਸਾਡਾ ਰਾਜਾ ਹੈ ਉਹੀ ਸਾਡਾ ਉੱਧਾਰ ਕਰੇਗਾ (ਯਸ਼ਾਯਾਹ 33:22)। ਪੌਲੁਸ ਪੁਰਾਣੇ ਨਿਯਮ ਦਾ ਜਾਣਕਾਰ, ਯਿਸੂ ਮਸੀਹ ਦੇ ਬਾਰੇ ਵਿੱਚ ਇਸ ਪ੍ਰਕਾਰ ਲਿਖਦਾ ਹੈ:

**2 ਕੁਰਿੰਥੁਸ ੫:੧੦** "ਸਾਡੇ ਸਭ ਦੇ ਲਈ ਮਸੀਹ ਦੀ ਨਿਆਂ ਗਦੀ ਦੇ ਸਾਹਮਣੇ ਨਿਆਂ ਦੇ ਲਈ ਖੜਾ ਹੋਣਾ ਜ਼ਰੂਰੀ ਹੈ। ਉਥੇ ਹਰ ਕੋਈ ਆਪਣੇ ਧਰਤੀ ਦੇ ਕੀਤੇ ਹਰ ਭਲੇ ਅਤੇ ਬੁਰੇ ਕੰਮ ਦਾ ਫਲ ਪ੍ਰਾਪਤ ਕਰੇਗਾ।"

